ੴ ਵਾਹਿਗੁਰੂ ਜੀ ਕੀ ਫ਼ਤਹਿ॥

# ਗੁਰਮਤਿ ਪ੍ਰਸਾਰ ਪੱਤਰ

ਲੜੀ/ਅੰਕ ਨੰ: 17/04 ਅਪ੍ਰੈਲ 2016 – ਨਾਨਕਸ਼ਾਹੀ ਚੇਤ-ਵੈਸਾਖ ੫੪੮

## ਇਤਿਹਾਸਿਕ ਦਿਹਾੜੇ

### ਅਪ੍ਰੈਲ ਅਤੇ ਮਈ 2016

| | |
|---|---|
| ਜਨਮ ਸ਼ਾਹਿਬਜ਼ਾਦਾ ਜੁਝਾਰ ਸਿੰਘ | 9 ਅਪ੍ਰੈਲ |
| ਖਾਲਸਾ ਸਾਜਨਾ ਦਿਵਸ | 13 ਅਪ੍ਰੈਲ |
| ਜੋਤੀ ਜੋਤਿ ਸ੍ਰੀ ਗੁਰੂ ਅੰਗਦ ਦੇਵ ਜੀ | 16 ਅਪ੍ਰੈਲ |
| ਜੋਤੀ ਜੋਤਿ ਸ੍ਰੀ ਗੁਰ ਹਰਿਕ੍ਰਿਸ਼ਨ ਜੀ | 16 ਅਪ੍ਰੈਲ |
| ਗੁਰਗੱਦੀ ਸ੍ਰੀ ਗੁਰੂ ਅਮਰਦਾਸ ਜੀ | 16 ਅਪ੍ਰੈਲ |
| ਗੁਰਗੱਦੀ ਸ੍ਰੀ ਗੁਰੂ ਤੇਗ ਬਹਾਦੁਰ ਜੀ | 16 ਅਪ੍ਰੈਲ |
| ਪ੍ਰਕਾਸ ਪੁਰਬ ਸ੍ਰੀ ਗੁਰੂ ਅੰਗਦ ਦੇਵ ਜੀ | 18 ਅਪ੍ਰੈਲ |
| ਪ੍ਰਕਾਸ਼ ਪੁਰਬ ਸ੍ਰੀ ਗੁਰੂ ਤੇਗ ਬਹਾਦੁਰ ਜੀ | 18 ਅਪ੍ਰੈਲ |
| ਪ੍ਰਕਾਸ਼ ਪੁਰਬ ਸ੍ਰੀ ਗੁਰੂ ਅਰਜਨ ਦੇਵ ਜੀ | 2 ਮਈ |
| ਪ੍ਰਕਾਸ਼ ਪੁਰਬ ਸ੍ਰੀ ਗੁਰੂ ਅਮਰਦਾਸ ਜੀ | 23 ਮਈ |

www.gurmatparsar.com

ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)
ਰਜਿਸਟਰਡ ਆਫਿਸ : #1444, ਸੈਕਟਰ 34-ਸੀ, ਚੰਡੀਗੜ੍ਹ ਫੋਨ: 98761-77803
ਕਾਰਜਕਾਰੀ ਦਫਤਰ : ਗੁਰਮਤਿ ਪ੍ਰਸਾਰ ਭਵਨ, ਛੱਜੂਮਾਜਰਾ ਰੋਡ,
ਸੰਨੀ ਇਨਕਲੇਵ ਦੇ ਸਾਹਮਣੇ, ਮੁੰਡੀ ਖਰੜ, ਫੋਨ: 0160-5009844, 94171-90438
Join us at Facebook or mail at : gurmatparsar7@gmail.com

# ਵੈਸਾਖਿ ਧੀਰਨਿ ਕਿਉ ਵਾਢੀਆ (ਜੀਵਨ-ਜੁਗਤਿ)

ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥
ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥
ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ ॥
ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥
ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ ॥
ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ ॥
ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ ॥
ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ ॥
ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥੩॥ (ਪੰਨਾ ੧੩੩)

ਪਦ ਅਰਥ :- ਵੈਸਾਖਿ-ਵੈਸਾਖ ਵਿਚ । ਕਿਉਂ ਧੀਰਨਿ-ਕਿਵੇਂ ਧੀਰਜ ਕਰਨ ? ਵਾਢੀਆ-ਪਤੀ ਤੋਂ ਵਿੱਛੁੜੀਆਂ ਹੋਈਆਂ । ਬਿਛੋਹੁ-ਵਿਛੋੜਾ । ਪ੍ਰੇਮਬਿਛੋਹੁ-ਪ੍ਰੇਮ ਦੀ ਅਣਹੋਂਦ । ਮਾਇਆ ਧੋਹੁ-ਧੋਹ-ਰੂਪ ਮਾਇਆ, ਮਨ-ਮੋਹਣੀ ਮਾਇਆ । ਕਲਤ੍ਰ-ਇਸਤ੍ਰੀ । ਪਲਚਿ - ਫਸ ਕੇ, ਉਲਝ ਕੇ । ਸਗਲੀ-ਸਾਰੀ (ਸ੍ਰਿਸ਼ਟੀ) । ਧੰਧੈ ਮੋਹੁ-ਧੰਧੈ ਦਾ ਮੋਹ । ਖੋਹਿ ਲਈਅਹਿ-ਖੋਹੇ ਜਾਂਦੇ ਹਨ । ਆਗੈ-ਪਹਿਲਾਂ ਹੀ । ਦਯੁ-ਪਿਆਰਾ ਪ੍ਰਭੂ । ਵਿਗੁ-ਚਣਾ-ਖ਼ੁਆਰ ਹੋਈਦਾ ਹੈ । ਸੋਇ-ਸੋਭਾ । ਪਰਾਪਤਿ ਹੋਇ ਜਿਸ ਨਾਲ (ਮੇਰੇ) ਦਿਲ ਦੀ ਰੀਝ ਪੂਰੀ ਹੋ ਜਾਏ । ਸੰਤੁ ਹਰਿ-ਹਰੀ-ਸੰਤ । ਭੇਟੈ-ਮਿਲਿ ਪਏ ।

ਅਰਥ:- (ਵੈਸਾਖੀ ਵਾਲਾ ਦਿਨ ਹਰੇਕ ਇਸਤ੍ਰੀ ਮਰਦ ਵਾਸਤੇ ਰੀਝਾਂ ਵਾਲਾ ਦਿਨ ਹੁੰਦਾ ਹੈ, ਪਰ) ਵੈਸਾਖ ਵਿਚ ਉਹਨਾਂ ਇਸਤ੍ਰੀਆਂ ਦਾ ਦਿਲ ਕਿਵੇਂ ਖਲੋਵੇ ਜੋ ਪਤੀ ਤੋਂ ਵਿੱਛੁੜੀਆਂ ਪਈਆਂ ਹਨ, ਜਿੰਨ੍ਹਾਂ ਦੇ ਅੰਦਰ ਪਿਆਰ ( ਦੇ ਪ੍ਰਗਟਾਵੇ) ਦੀ ਅਣਹੋਂਦ ਹੈ, (ਇਸ ਤਰ੍ਹਾਂ ਉਸ ਜੀਵ ਨੂੰ ਧੀਰਜ ਕਿਵੇਂ ਆਵੇ ਜਿਸ ਨੂੰ) ਸੱਜਣ ਪ੍ਰਭੂ ਵਿਸਾਰ ਕੇ ਮਨ-ਮੋਹਣੀ ਮਾਇਆ ਚੰਬੜੀ ਹੋਈ ਹੈ ?

ਨਾਹ ਪੁਤ੍ਰ, ਨਾਹ ਇਸਤ੍ਰੀ, ਨਾਹ ਧਨ, ਕੋਈ ਭੀ ਮਨੁੱਖ ਦੇ ਨਾਲ ਨਹੀਂ ਨਿਭਦਾ ਇਕ ਅਬਿਨਾਸੀ ਪਰਮਾਤਮਾ ਹੀ ਅਸਲ ਸਾਥੀ ਹੈ । ਨਾਸਵੰਤ ਧੰਧੇ ਦਾ ਮੋਹ (ਸਾਰੀ ਲੁਕਾਈ ਨੂੰ ਹੀ) ਵਿਆਪ ਰਿਹਾ ਹੈ, (ਮਾਇਆ ਦੇ ਮੋਹ ਵਿਚ) ਮੁੜ ਮੁੜ ਫਸ ਕੇ ਸਾਰੀ ਲੁਕਾਈ ਹੀ (ਆਤਮਿਕ ਮੌਤੇ) ਮਰ ਰਹੀ ਹੈ । ਇਕ ਪਰਮਾਤਮਾ ਦਾ ਨਾਮ ਸਿਮਰਨ ਤੋਂ ਬਿਨਾਂ ਹੋਰ ਜਿਤਨੇ ਭੀ ਕਰਮ ਇਥੇ ਕਰੀਦੇ ਹਨ, ਉਹ ਸਾਰੇ ਮਰਨ ਤੋਂ ਪਹਿਲਾਂ ਹੀ ਖੋਹ ਲਏ ਜਾਂਦੇ ਹਨ ( ਭਾਵ, ਉਹ ਉੱਚੇ ਆਤਮਿਕ ਜੀਵਨ ਦਾ ਅੰਗ ਨਹੀਂ ਬਣ ਸਕਦੇ) ।

ਪਿਆਰ-ਸਰੂਪ ਪ੍ਰਭੂ ਨੂੰ ਵਿਸਾਰ ਕੇ ਖ਼ੁਆਰੀ ਹੀ ਹੁੰਦੀ ਹੈ, ਪਰਮਾਤਮਾ ਤੋਂ ਬਿਨਾਂ ਜਿੰਦ ਦਾ ਹੋਰ ਕੋਈ ਸਾਥੀ ਹੀ ਨਹੀਂ ਹੁੰਦਾ । ਪ੍ਰਭੂ ਪ੍ਰੀਤਮ ਦੀ ਚਰਨੀਂ ਜੇਹੜੇ ਬੰਦੇ ਲੱਗਦੇ ਹਨ, ਉਹਨਾਂ ਦੀ (ਲੋਕ ਪਰਲੋਕ ਵਿਚ) ਭਲੀ ਸੋਭਾ ਹੁੰਦੀ ਹੈ ।

ਹੇ ਪ੍ਰਭੂ ! (ਤੇਰੇ ਦਰ ਤੇ) ਮੇਰੀ ਬੇਨਤੀ ਹੈ ਕਿ ਮੈਨੂੰ ਤੇਰਾ ਦਿਲ-ਰੱਜਵਾਂ ਮਿਲਾਪ ਨਸੀਬ ਹੋਵੇ । (ਰੁੱਤ ਫਿਰਨ ਨਾਲ ਚੁਫੇਰੇ ਬਨਸਪਤੀ ਪਈ ਸੁਹਾਵਣੀ ਹੋ ਜਾਏ, ਪਰ) ਜਿੰਦ ਨੂੰ ਵੈਸਾਖ ਦਾ ਮਹੀਨਾ ਤਦੋਂ ਹੀ ਸੋਹਣਾ ਲੱਗ ਸਕਦਾ ਹੈ ਜੇ ਹਰੀ-ਸੰਤ ਪ੍ਰਭੂ ਮਿਲ ਪਏ ।੩।

# ਮਨਿ ਵਜੀਆ ਵਾਧਾਈਆਂ

ਖਾਲਸੇ ਦੇ ਪ੍ਰਗਟ ਦਿਵਸ–ਵਿਸਾਖੀ ਦੀਆਂ ਸਮੂੰਹ ਸੰਗਤਾਂ ਨੂੰ ਲੱਖ–ਲੱਖ ਵਧਾਈਆਂ । ਆਓ, ਗੁਰੂ ਦਸਮ ਪਾਤਸ਼ਾਹ ਦੁਆਰਾ ਬਖਸ਼ੀ ਦਾਤ ਖੰਡੇ ਦੀ ਪਾਹੁਲ ਧਾਰਣ ਕਰ ਕੇ ਗੁਰੂ ਦੀ ਦੱਸੀ ਮਰਯਾਦਾ ਨੂੰ ਅਪਣਾਉਂਦੇ ਹੋਏ ਅਪਣੇ ਜੀਵਨ ਨੂੰ ਸੁੱਚਜਾ ਬਣਾਉਣ ਦਾ ਯਤਨ ਕਰੀਏ । ਗੁਰੂ ਦਾ ਫੁਰਮਾਣ ਹੈ ।

- ਪ੍ਰਥਮ ਰਹਿਤ ਯਹਿ ਜਾਨ, ਖੰਡੇ ਕੀ ਪਾਹੁਲ ਛਕੇ ।<br>ਸੋਈ ਸਿੰਘ ਪ੍ਰਧਾਨ, ਅਵਰ ਨ ਪਾਹੁਲ ਜੋ ਲਹੈ ।
- ਪਾਂਚ ਸਿੰਘ ਅੰਮ੍ਰਿਤ ਜੋ ਦੇਵੈ ਤਾਂ ਕੋ ਸਿਰ ਧਰ ਛਕ ਪੁਨ ਲੇਵੈਂ ।<br>ਪੁੰਨ ਮਿਲ ਪਾਂਚੋ ਰਹਿਤ ਜੋ ਭਾਖੈਂ ਤਾਂ ਕੋ ਮਨ ਮੈਂ ਦ੍ਰਿੜ ਕਰ ਰਾਖੈਂ ॥

(ਰਹਿਤਨਾਮਾ ਭਾਈ ਦੇਸਾ ਸਿੰਘ)

- ਰਹਿਣੀ ਰਹੈ ਸੋਈ ਸਿੱਖ ਮੇਰਾ, ਓਹੁ ਠਾਕੁਰ ਮੈ ਉਸਕਾ ਚੇਰਾ ॥
- ਰਹਿਤ ਬਿਨਾ ਨਹਿ ਸਿਖ ਕਹਾਵੈ, ਰਹਿਤ ਬਿਨਾ ਦਰਿ ਚੋਟਾਂ ਖਾਵੈ ॥
- ਰਹਿਤ ਬਿਨ ਸੁਖ ਕਬਹੁ ਨ ਲਹੈ, ਤਾ ਤੇ ਰਹਿਤ ਸੁ ਦ੍ਰਿੜ ਕਰ ਰਹੈ,

(ਰਹਿਤਨਾਮਾ ਭਾਈ ਦੇਸਾ ਸਿੰਘ)

ਹੇਠ ਲਿਖੀ ਜੀਵਨ ਜੁਗਤਿ ਨੂੰ ਹਮੇਸ਼ਾ ਅਪਣਾ ਕੇ ਗੁਰੂ ਕਾ ਸਿੱਖ ਅਖਵਾਉਣ ਦਾ ਸੁਭਾਗ ਪ੍ਰਾਪਤ ਕਰੀਏ ॥

ਜਾਗਤ ਜੋਤਿ ਜਪੈ ਨਿਸ ਬਾਸੁਰ, ਏਕ ਬਿਨਾਂ ਮਨ ਨੈਕ ਨ ਆਨੈ ॥

ਪੂਰਨ ਪ੍ਰੇਮ ਪ੍ਰਤੀਤ ਸਜੈ, ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ ॥

ਤੀਰਥ ਦਾਨ ਦਇਆ ਤਪ ਸੰਜਮ, ਏਕ ਬਿਨਾ ਨਹਿ ਏਕ ਪਛਾਨੈ ॥

ਪੂਰਨ ਜੋਤ ਜਗੈ ਘਟ ਮੈ, ਤਬ ਖਾਲਸ ਤਾਹਿ ਨਖਾਲਸ ਜਾਨੈ ॥

ਅਪਣੇ ਅੰਦਰ ਪੂਰਨ ਜੋਤਿ ਦਾ ਪ੍ਰਗਟਾਵਾ ਕਰਨ ਲਈ ਇੱਕ ਅਕਾਲ ਪੁਰਖ ਜੋਤਿ ਸਰੂਪ ਦਾ ਸਦੀਵ ਸਿਮਰਨ ਕਰੀਏ । ਉਸ ਤੋਂ ਛੁਟ ਕਿਸੇ ਹੋਰ ਦੀ ਟੇਕ ਨ ਰਖੀਏ । ਵਰਤ, ਮੜੀਆਂ, ਮਸਾਂਣਾਂ, ਮੱਠਾਂ ਨੂੰ ਭੁੱਲ ਕੇ ਵੀ ਨ ਮੰਨੀਏ । ਪੁੰਨ ਦਾਨ ਤੀਰਥਾਂ ਦੇ ਇਸ਼ਨਾਨਾ, ਤਪ ਅਤੇ ਹੋਰ ਸੰਜਮ ਆਦਿ ਵਿੱਚ ਨ ਫਸ ਕੇ ਕੇਵਲ ਤੇ ਕੇਵਲ ਅਕਾਲ ਪੁਰਖ ਵਿੱਚ ਸੁਰਤਿ ਜੋੜੀਏ । ਇਸ ਤਰਾਂ ਪ੍ਰਮਾਤਮਾ ਦੀ ਪੂਰਨ ਜੋਤਿ ਅੰਤਰਿ ਆਤਮੇ ਉਜਾਗਰ ਕਰਨ ਦਾ ਯਤਨ ਕਰੀਏ । ਇਸੇ ਤਰਾਂ ਖਾਲਸੇ ਦੇ ਪ੍ਰਗਟ ਦਿਵਸ ਨੂੰ ਮਨਾਉਣਾ ਗੁਰੂ ਨੂੰ ਪ੍ਰਵਾਨ ਹੋਵੇਗਾ ।

(ਪ੍ਰਿੰ ਨਰਿੰਦਰ ਬੀਰ ਸਿੰਘ)<br>ਜਨਰਲ ਸੱਕਤ੍ਰ

# ਸਤਿਗੁਰੁ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰੁ ॥

**ਬਲਵਿੰਦਰ ਸਿੰਘ 'ਸਾਗਰ'**

ਸਚੇ ਸਤਿਗੁਰ ਜੀ ਦਾ ਇਹ ਬਿਰਦ ਹੈ ਕਿ ਸਤਿਗੁਰੂ ਆਪਣੇ ਸਿੱਖ ਦੀ ਕਾਇਆ ਕਲਪ ਕਰ ਦਿੰਦਾ ਹੈ । ਸਤਿਗੁਰੂ ਸਿੱਖ ਨੂੰ ਅੰਦਰੋਂ ਬਾਹਰੋਂ ਨਿਰਮਲ ਬਣਾ ਦਿੰਦਾ ਹੈ । ਸਤਿਗੁਰੂ ਸਿੱਖ ਵਿਚੋਂ ਬੁਰਾਈਆਂ, ਔਗੁਣ, ਕਮੀਆਂ, ਵਿਕਾਰ ਆਦਿ ਕਢ ਕੇ ਮਾਨਸ ਤੋਂ ਦੇਵਤਾ ਬਣਾ ਦਿੰਦਾ ਹੈ । ਇਹ ਸਤਿਗੁਰੂ ਸੱਚੇ ਜੀ ਦੀ ਵਡਿਆਈ ਹੈ । ਇਹ ਵਡਿਆਈ ਤਿੰਨ ਕਾਲ ਤੇ ਤਿੰਨ ਲੋਕ ਵਿੱਚ ਸੱਚ ਹੈ।

ਪਰ ਬਲਿਹਾਰ ਜਾਈਏ ਕਲਗੀਧਰ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੋਂ ਜਿਨ੍ਹਾਂ ਨੇ ਉਪਰੋਕਤ ਸਿਧਾਂਤ ਤੋਂ ਕਿਤੇ ਅੱਗੇ ਲੰਘ ਕੇ ਸਿੱਖ ਨੂੰ ਨਿਰਮਲ, ਨਿਰਵਿਕਾਰ , ਨਿਰਭੈ ਅਤੇ ਨਿਆਰਾ ਬਣਾਉਣ ਦੇ ਨਾਲ ਨਾਲ ਆਪਣਾ ਰੂਪ ਵੀ ਦੇ ਦਿੱਤਾ । ਸਿਰਫ ਰੂਪ ਹੀ ਨਹੀਂ ਸਗੋਂ ਖਾਸ ਰੂਪ ਦੇ ਦਿੱਤਾ ਤੇ ਫੁਰਮਾਇਆ

ਖਾਲਸਾ ਮੇਰੋ ਰੂਪ ਹੈ ਖਾਸ ,ਖਾਲਸੇ ਮੈ ਹਉ ਕਰਉ ਨਿਵਾਸ ॥
ਖਾਲਸਾ ਮੇਰੋ ਪਿੰਡ ਪਰਾਣ , ਖਾਲਸਾ ਮੇਰੀ ਜਾਨ ਕੀ ਜਾਨ ॥

ਖਾਲਸੇ ਨੂੰ ਆਪਣਾ ਹੀ ਰੂਪ ਦੇਣ ਦੇ ਨਾਲ-ਨਾਲ ਆਪਣਾ ਨਿਵਾਸ ਵੀ ਖਾਲਸੇ ਵਿੱਚ ਹੀ ਕਰ ਲਿਆ । ਖਾਲਸੇ ਨੂੰ ਆਪਣੀ ਜਿੰਦ ਜਾਨ ਕਹਿ ਕੇ ਵਡਿਆਇਆ। ਇਥੇ ਹੀ ਬਸ ਨਹੀਂ ਗੁਰੂ ਪਾਤਸ਼ਾਹ ਨੇ ਖਾਲਸੇ ਨੂੰ ਆਪਣਾ ਗੁਰੂ ਵੀ ਮੰਨ ਲਿਆ ਤੇ ਆਪਣੀ ਪਵਿੱਤਰ ਰਸਨਾ ਦੁਆਰਾ ਫੁਰਮਾਣ ਕੀਤਾ ।।
ਖਾਲਸਾ ਮੇਰੋ ਸਜਨ ਸੂਰਾ ,ਖਾਲਸਾ ਮੇਰੋ ਸਤਿਗੁਰ ਪੂਰਾ ।।;

ਦੁਨੀਆਂ ਭਰ ਦੇ ਧਾਰਮਿਕ ਇਤਿਹਾਸ ਵਿੱਚ ਐਸੀ ਕੋਈ ਮਿਸਾਲ ਨਹੀਂ ਮਿਲਦੀ । ਕਿਧਰੇ ਵੀ ਕਿਸੇ ਪੀਰ- ਏ-ਮੁਰਸ਼ਦ ਨੇ ਆਪਣੇ ਚੇਲੇ- ਸਿਖ ਨੂੰ ਆਪਣੇ ਵਰਗਾ ਨਹੀਂ ਬਣਾਇਆ । ਗੁਰੂ ਗੁਰੂ ਹੀ ਰਿਹਾ , ਸਿਖ ਸਿਖ ਹੀ ਰਿਹਾ। ਪਰ ਗੁਰੂ ਗੋਬਿੰਦ ਸਿੰਘ ਜੀ ਨੇ ਜੋ ਵਿਲਖਣ ਕਾਰਨਾਮਾ ਕਰ ਵਿਖਾਇਆ ਉਸਦਾ ਕੋਈ ਹੋਰ ਪ੍ਰਮਾਣ ਦੁਨੀਆਂ ਦੇ ਇਤਿਹਾਸ ਵਿੱਚ ਨਹੀਂ ਮਿਲਦਾ । ਵਿਚਾਰਨ ਵਾਲੀ ਗੱਲ ਇਹ ਹੈ ਕਿ ਸਦੀਆਂ ਤੋ ਦਬੇ ਕੁਚਲੇ ਅਤੇ ਅਤਿ ਕਮਜ਼ੋਰ ਹੋ ਚੁਕੇ ਸਮਾਜ ਨੂੰ ਮੁਗ਼ਲ ਹਕੂਮਤ ਨਾਲ ਟਕੱਰ ਲੈਣ ਲਈ ਤਿਆਰ ਕਰ ਦੇਣਾ ਸਚਮੁਚ ਹੀ ਇਕ ਮੌਜਜ਼ਾ ( ਕ੍ਰਿਸ਼ਮਾ ) ਹੈ । ਜੀਵਨ ਸ਼ੈਲੀ ਅਤੇ ਸੋਚ ਦੀ ਇਤਨੀ ਜ਼ਬਰਦਸਤ ਤਬਦੀਲੀ ਸਚਾ ਸਤਿਗੁਰੂ ਹੀ ਕਰ ਸਕਦਾ ਹੈ ।

ਗੁਰੂ ਜੀ ਦੇ ਇਸ ਨਿਵੇਕਲੇ ਕਦਮ ਨਾਲ ਜਿਥੇ ਸਿੱਖ ਪੰਥ ਵਿਚ ਨਵਾਂ ਜੋਸ਼, ਨਵੀ ਜਿੰਦਗੀ ਤੇ ਸ਼ਕਤੀ ਆਈ ਉਥੇ ਸਮਾਜਿਕ ਅਤੇ ਰਾਜਨੀਤਿਕ ਖੇਤਰ ਵਿੱਚ ਇੱਕ ਨਵਾਂ ਅਧਿਆਏ ਆਰੰਭ ਹੋਇਆ । ਸਦੀਆਂ ਤੋਂ ਗੁਲਾਮ ਰਹੇ ਭਾਰਤ ਵਾਸੀਆਂ ਦੀ ਜ਼ਮੀਰ ਮਰ ਚੁਕੀ ਸੀ । ਹੌਸਲੇ ਪਸਤ ਹੋ ਚੁਕੇ ਸਨ। ਮੁਗਲ ਸਰਕਾਰ ਦੇ ਦਬਦਬੇ ਅਤੇ ਜ਼ੁਲਮਾਂ ਕਰਕੇ ਸਮਾਜ ਬਹੁਤ ਕਮਜ਼ੋਰ, ਲਾਚਾਰ ਅਤੇ ਬੇਬਸ ਹੋ ਚੁੱਕਾ ਸੀ । ਆਮ ਜਨਤਾ ਕਮਜ਼ੋਰ ਅਤੇ ਨਿਰਾਸ਼ ਹੋ ਚੁੱਕੀ ਸੀ । ਸਰਕਾਰ ਦੇ ਜ਼ੁਲਮਾਂ ਨੂੰ ਲੋਗ ਆਪਣੀ ਕਿਸਮਤ ਸਮਝ ਕੇ ਬਰਦਾਸ਼ਤ ਕਰਨ ਦੇ ਆਦੀ ਹੋ ਚੁਕੇ ਸਨ । ਗੁਲਾਮੀ ਨੂੰ ਕਬੂਲ ਕਰ ਚੁੱਕੇ ਸਨ । ਜਿਸ ਕਾਰਨ ਸਮਾਜ ਵਿੱਚ ਜ਼ਬਰਦਸਤ ਹੀਣ ਭਾਵਨਾ, ਨਿਰਬਲਤਾ ਅਤੇ ਡਰ ਦੀ ਭਾਵਨਾ ਘਰ ਕਰ ਚੁੱਕੀ ਸੀ । ਆਪਣੀ ਬੇਇਜ਼ਤੀ ਅਤੇ ਗੁਲਾਮੀ ਵਾਲੀ ਜਿੰਦਗੀ ਨੂੰ ਹੀ ਜਿੰਦਗੀ ਮਨ ਚੁੱਕੇ ਸਨ ।

ਸੰਨ 1675 ਵਿੱਚ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਵੀ ਭਾਰਤੀਆਂ ਦੇ ਮਨ ਵਿੱਚ ਆਮ ਤੌਰ ਤੇ ਸਿੱਖਾਂ ਦੇ ਮਨਾਂ ਵਿੱਚ ਖਾਸ ਤੌਰ ਤੇ ਗਹਿਰਾ ਅਸਰ ਛਡ ਗਈ ਸੀ । ਧੰਨ ਗੁਰੂ ਗੋਬਿੰਦ ਸਿੰਘ ਜੀ ਨੇ

ਗੁਲਾਮੀ ਦੀਆਂ ਜੰਜੀਰਾਂ ਤੋੜਨ ਲਈ ਸਮਾਜ ਨੂੰ ਜਗਾਇਆ । ਸੰਨ 1675 ਤੋਂ 1699 ਤੱਕ 24 ਸਾਲ ਭਰਪੂਰ ਯਤਨ ਕਰਕੇ ਸਿੱਖਾਂ ਨੂੰ ਆਤਮਿਕ , ਸਰੀਰਕ ਤੇ ਮਾਨਸਿਕ ਤੌਰ ਤੇ ਤਾਕਤ ਵਰ ਬਣਾਇਆ । ਘੋਲ ਅਖਾੜੇ, ਕੁਸ਼ਤੀਆਂ, ਘੋੜ ਸਵਾਰੀ, ਸ਼ਸਤਰ ਵਿਦਿਆ ਦੀ ਸਿਖਲਾਈ ਦਿੱਤੀ । ਹੋਲਾ ਮਹੱਲਾ ਦੀ ਆਰੰਭਤਾ ਕੀਤੀ । ਇਸ ਨਾਲ ਸਮਾਜ ਵਿਚੋਂ ਡਰ ਤੇ ਹੀਣ ਭਾਵਨਾ ਦਾ ਖਾਤਮਾ ਕੀਤਾ । ਸਿੱਟੇ ਵਜੋਂ ਸਿੱਖ ਮੁਗਲਾਂ ਨਾਲ ਟੱਕਰ ਲੈਣ ਦੇ ਸਮਰੱਥ ਹੋ ਗਏ । ਸੰਨ1699 ਦੀ ਵਿਸਾਖੀ ਵਾਲੇ ਦਿਨ ਹਜਾਰਾਂ ਦੇ ਇਕੱਠ ਵਿੱਚ ਗੁਰੂ ਜੀ ਨੇ ਅਜੀਬ ਕੌਤਕ ਰਚਿਆ । ਪੰਜ ਸੀਸ ਮੰਗੇ ਬਾਣੀ ਜਾਪ ਕਰਕੇ ਖੰਡੇ ਦੀ ਪਾਹੁਲ ਤਿਆਰ ਕੀਤੀ । ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਖਾਲਸਾ ਪੰਥ ਦੀ ਸਿਰਜਣਾ ਕੀਤੀ । ਇਹ ਅੰਮ੍ਰਿਤ ਦੀ ਸ਼ਕਤੀ ਹੀ ਸੀ ਜਿਸਨੇ ਧਰਮ ਚੰਦ ਨੂੰ ਧਰਮ ਸਿੰਘ ਬਣਾ ਕੇ ਨਵਾਂ ਇਨਕਲਾਬ ਲਿਆਂਦਾ । ਉਹ ਧਰਮ ਚੰਦ ਜਿਸਨੇ ਗੁਰੂ ਕਲਗੀਧਰ ਪਿਤਾ ਨੂੰ ਬੜੀ ਆਜਿਜ਼ੀ ਨਾਲ ਬੇਨਤੀ ਕੀਤੀ ਕਿ ਹੇ ਪਿਤਾ ਅਸੀ ਮੁਗਲਾਂ ਨਾਲ ਜੰਗ ਨਹੀਂ ਕਰ ਸਕਦੇ - ਸਾਡਾ ਕੰਮ ਤਾਂ ਤਕੜੀ ਤੋਲਣਾ ਹੈ । ਯੁਧ ਕਰਨਾ ਸਾਡਾ ਕੰਮ ਨਹੀਂ ।

ਹਮ ਤੋ ਤੋਲਨ ਜਾਨੈ ਤਕੜੀ , ਨੰਗੀ ਕਰਦ ਕਬਹੂੰ ਨਹੀ ਪਕਰੀ ।

ਚਿੜੀ ਉਡੈ ਤੋ ਡਰ ਜਾਇ, ਮੁਗਲੋਂ ਸੇ ਕੈਸੇ ਲੜ ਪਾਇ ।

ਪਰ ਸਤਿਗੁਰੂ ਦੀ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਤੋਂ ਬਾਅਦ ਸਵਾ ਲੱਖ ਨਾਲ ਜੂਝਣ ਲਈ ਤਿਆਰ ਬਰ ਤਿਆਰ ਹੋ ਗਿਆ । ਸਤਿਗੁਰੂ ਦੀ ਇਸ ਰਹਿਮਤ ਨਾਲ ਭਾਈ ਧਰਮ ਸਿੰਘ ਹੀ ਨਹੀਂ ਸਗੋਂ ਸਾਰਾ ਸਿੱਖ ਸਮਾਜ ਹੀ ਨਵਾਂ, ਨਿਰੋਆ, ਨਿਰਭੈ, ਨਿਡਰ ਅਤੇ ਬੁਲੰਦ ਹੌਸਲੇ ਵਾਲਾ ਹੋ ਗਿਆ । ਇਹ ਸਤਿਗੁਰੂ ਜੀ ਦੀ ਰਹਿਮਤ ਹੀ ਸੀ ਜਿਸ ਨਾਲ ਗੁਰ ਬਾਣੀ ਦਾ ਪਵਿਤ੍ਰ ਮਹਾ ਬੋਲ ਸਚ ਤੋਂ ਨਿਬੜਿਆ ਕਿ

**ਕਰਿ ਹੁਕਮੁ ਮਸਤਕਿ ਹਥੁ ਧਰਿ ਵਿਚਹੁ ਮਾਰਿ ਕਢੀਆ ਬੁਰਿਆਈਆ ॥ ...ਅੰਗ ੪੭੩**

ਗੁਰੂ ਜੀ ਨੇ ਅੰਮ੍ਰਿਤ ਛਕਾ ਕੇ ਸਿੰਘਾਂ ਨੂੰ ਐਸਾ ਥਾਪੜਾ ਦਿੱਤਾ ਕਿ ਸਿੰਘਾਂ ਨੇ ਮੈਦਾਨੇ ਜੰਗ ਵਿੱਚ ਬਹਾਦਰੀ ਤੇ ਕੁਰਬਾਨੀ ਦੇ ਮਾਅਨੇ ਹੀ ਬਦਲ ਕੇ ਰੱਖ ਦਿੱਤੇ । ਸੂਰਬੀਰਤਾ ਦਾ ਜੋ ਇਤਿਹਾਸ ਸਿੰਘਾਂ ਨੇ ਆਪਣੇ ਨਾਂ ਦਰਜ ਕੀਤਾ ਉਸ ਦੀ ਮਿਸਾਲ ਦੁਨੀਆਂ ਦੇ ਇਤਿਹਾਸ ਵਿੱਚ ਕਿਤੇ ਵੀ ਨਹੀਂ ਮਿਲਦੀ । ਇਹ ਜਜ਼ਬਾ, ਹੌਸਲਾ, ਨਿਰੋਈ ਸੋਚ, ਨਿਰਭੈਅਤਾ ਹਾਸਲ ਕਰ ਲੈਣ ਤੋਂ ਬਾਦ ਫਿਰ ਦਇਆ, ਧਰਮ ਅਤੇ ਸੰਜਮ, ਵਿਚ ਰਹਿਣਾ ਆਪਣੇ ਆਪ ਵਿੱਚ ਵਿਲੱਖਣ ਗੱਲ ਹੈ । ਤਾਕਤ ਇਨਸਾਨ ਨੂੰ ਭ੍ਰਿਸ਼ਟ , ਜ਼ਾਲਮ, ਨਿਰਦਈ ਤੇ ਵਿਕਾਰੀ ਬਣਾ ਦਿੰਦੀ ਹੈ । ਪਰ ਗੁਰੂ ਜੀ ਦੀ ਅਪਾਰ ਕਿਰਪਾ ਅਤੇ ਰਹਿਮਤ ਦਾ ਸਦਕਾ ਸਿਖ ਇਸ ਤੋਂ ਬਚੇ ਰਹੇ । ਗੁਰੂ ਜੀ ਨੇ ਸਿੱਖਾਂ ਦੇ ਸਿਰਫ ਤਨ ਹੀ ਬਲਵਾਨ ਨਹੀਂ ਕੀਤੇ ਸਗੋਂ ਮਨ ਅਤੇ ਆਤਮਕ ਤੋਰ ਤੇ ਵੀ ਬਲਵਾਨ ਕੀਤੇ ।

ਜਿਉ ਮੀਹਿ ਵੁਠੈ ਗਲੀਆ ਨਾਲਿਆ ਟੋਭਿਆ ਕਾ ਜਲੁ ਜਾਇ ਪਵੈ ਵਿਚਿ ਸੁਰਸਰੀ
ਸੁਰਸਰੀ ਮਿਲਤ ਪਵਿਤ੍ਰੁ ਪਾਵਨੁ ਹੋਇ ਜਾਵੈ ॥ ...... ਅੰਗ ੮੫੫

ਇਹ ਕਲਗੀਧਰ ਸਤਿਗੁਰੂ ਜੀ 'ਵਡੇ ਦੀ ਵਡੀ ਵਡਿਆਈ ਹੈ ਕਿ ਉਨ੍ਹਾਂ ਨੇ ਭਾਰਤੀ ਸਮਾਜ ਦਾ ਮੁਹਾਂਦਰਾ ਹੀ ਬਦਲ ਕੇ ਰੱਖ ਦਿਤਾ ਆਮ ਤੌਰ ਵੇਖਿਆ ਗਿਆ ਹੈ ਕਿ ਤਾਕਤਵਰ ਮੱਨੁਖ ਅਕਸਰ ਤਾਕਤ ਦੀ ਦੁਰਵਰਤੋਂ ਕਰਦੇ ਹਨ ।ਜਬਰ ਜ਼ੁਲਮ ਕਰਦੇ ਹਨ । ਪਰ ਸਿੱਖ ਯੋਧਿਆਂ ਦੀਆਂ ਸਬਰ ਸੰਤੋਖ, ਸ਼ੀਲ ਅਤੇ ਸੰਜਮ ਦੀਆਂ ਅਨੇਕਾਂ ਮਿਸਾਲਾਂ ਇਤਿਹਾਸ ਵਿੱਚ ਮੌਜੂਦ ਹਨ । ਇਹ

ਸਤਿਗੁਰੂ ਜੀ ਦੀ ਮਹਾਨ ਵਡਿਆਈ ਹੈ ਕਿ ਉਨ੍ਹਾਂ ਨੇ ਸਿੱਖਾਂ ਨੂੰ ਖੋਟ ਰਹਿਤ ਕਰਦੇ ਖਰੇ ਬਣਾ ਦਿੱਤਾ। ਜਿਸਤੇ ਸਾਨੂੰ ਮਾਣ ਹੈ।

ਖਾਲਸਾ ਜੀ ! ਆਉ ਆਪਣੇ ਆਪ ਨੂੰ ਪੁੱਛੀਏ ਕਿ ਕੀ ਅਸੀਂ ਸਤਿਗੁਰੂ ਜੀ ਦਾ ਖਾਸ ਰੂਪ ਬਣ ਗਏ ਹਾਂ? ਖਾਸ ਰੂਪ ਬਣਨਾ ਤਾਂ ਦੂਰ ਦੀ ਗੱਲ ਹੈ , ਕੀ ਖਾਸ ਰੂਪ ਅਖਵਾ ਸਕਣ ਦੇ ਵੀ ਯੋਗ ਹਾਂ ? ਕੀ ਅਸੀਂ ਨਿਰਮਲ , ਨਿਰਵਿਕਾਰ , ਨਿਰਭੈ ਅਤੇ ਨਿਆਰਾ ਖਾਲਸਾ ਬਣ ਗਏ ਹਾਂ ? ਕੀ ਸਾਡੇ ਜੀਵਨ ਵਿਚੋਂ ਪੁਰਾਤਨ ਖਾਲਸੇ ਦੇ ਜੀਵਨ ਦੀ ਕੋਈ ਝਲਕ ਦਿਸਦੀ ਹੈ ? ਕੀ ਸਾਡੇ ਵਿਚੋਂ ਖੋਟ ਨਿਕਲ ਗਈ ਹੈ ? ਅਸੀਂ ਕਿੱਥੇ ਖੜੇ ਹਾਂ ? ਸਾਡਾ ਨੌਜਵਾਨ ਸਾਥੋਂ ਕਿਉਂ ਪ੍ਰੇਰਿਤ ਤੇ ਪ੍ਰਭਾਵਿਤ ਨਹੀਂ ਹੈ ? ਆਉ ਈਮਾਨਦਾਰੀ ਨਾਲ ਸਵੈ -ਪੜਚੋਲ ਕਰੀਏ ਤੇ ਸਤਿਗੁਰੂ ਜੀ ਦੇ ਦੱਸੇ ਮਾਰਗ ਤੇ ਚਲ ਕੇ ਸਤਿਗੁਰੂ ਜੀ ਦਾ ਖਾਸ ਰੂਪ ਬਣੀਏ । ਬਾਣੀ ਤੇ ਬਾਣੇ ਦੇ ਧਾਰਨੀ ਬਣੀਏ । ਰਹਿਤ ਬਹਿਤ ਵਿਚ ਪਰਪੱਕ ਹੋ ਕੇ ਗੁਰਮਤਿ ਅਨੁਸਾਰ ਜੀਵਨ ਬਤੀਤ ਕਰੀਏ । ਤਾਂ ਹੀ ਖਾਲਸੇ ਦੇ ਜਨਮ ਉਤਸਵ ਮਨਾਏ ਸਫਲ ਹੋਣਗੇ । ਆਉ ਆਪਣਾ ਜੀਵਨ ਸਫਲ ਕਰੀਏ ਆਪ ਤੇ ਕੌਮ ਦੇ ਨੌਜਵਾਨਾਂ ਦਾ ਸਹੀ ਮਾਰਗ ਦਰਸ਼ਨ ਕਰੀਏ ।

## ਅੱਜ ਆਪਾ ਜੋਖੋ !

(ਪ੍ਰੋ. ਪੂਰਨ ਸਿੰਘ)

ਗੁਰ ਸਿੱਖੀ ਇੱਕ ਕਿਰਤ ਹੈ, ਕਰਨੀ ਹੈ, ਰਹਿਣੀ ਹੈ - "ਰਹਿਣੀ ਰਹੈ ਸੋਈ ਸਿੱਖ ਮੇਰਾ" । ਸਿੱਖੀ ਕੋਈ ਮਜ਼੍ਹਬੀ ਫ਼ਿਰਕਾਬੰਦੀ ਨਹੀਂ, ਪਿਆਰ ਦੀ ਬਰਾਦਰੀ ਹੈ, ਸੇਵਾ ਦਾ ਜੱਥਾ ਹੈ, ਰੱਬ ਦੀ ਬਾਣੀ ਦੀ ਮੂਰਤ ਹੈ "ਸਬਦੁ ਗੁਰੂ ਸੁਰਤਿ ਧੁਨਿ ਚੇਲਾ" ਇਹ ਧਰਮ ਦੀ ਬਾਦਸ਼ਾਹੀ ਹੈ । ਇਹ ਗੁਰੂ ਦਾ ਪਿਆਰ ਹੈ; ਅਖੰਡ ਬਲਨ ਵਾਲੀ ਪਿਆਰ-ਜੋਤ ਹੈ । ਗੱਲਾਂ, ਬਹਿਸਾਂ, ਸਮਝਾਂ ਤੇ ਸਮਝ ਦੇ ਬਣਾਏ ਅਸੂਲਾਂ ਦੀਆਂ ਕੰਧਾ ਬਣਾਉਣੀਆਂ ਤੇ ਬਦਲਣੀਆਂ, ਫ਼ਿਲਾਸਫ਼ੀ ਦੀਆਂ ਚੂਲੀਆਂ ਕਰਨੀਆਂ, ਪਰਮਾਰਥ ਹੋਰ ਤੇ ਵਿਵਹਾਰ ਹੋਰ ਦੀਆਂ ਚਾਲਾਕੀਆਂ ਇਹ ਸਭੇ ਕੂੜ ਹਨ, ਮਜ਼੍ਹਬ ਨਹੀਂ । ਮੁਲਕ ਵਿਚ ਬ੍ਰਾਹਮਣਾਂ, ਪੰਡਿਤਾਂ, ਸਾਧੂਆਂ, ਚੋਰਾਂ, ਕਰਮ-ਕਾਂਡੀਆਂ ਅਨੇਕਾਂ ਜਾਲ ਫੈਲਾ ਰਖੇ ਹੋਏ ਸੀ । ਰੱਬ ਦੀ ਮਖ਼ਲੂਕ 'ਦੀਨਾ' ਤੇ ਦੁਨੀਆ ਦੋਹਾਂ ਪਾਸਿਓਂ ਸਤੀ ਹੋਈ ਸੀ । ਲੋਕੀਂ ਜਲ ਰਹੇ ਸਨ । ਠੰਢ ਕਿਧਰੇ ਨਹੀਂ ਸੀ । ਸਰੀਰਕ ਸੁਖ ਤਾਂ ਆਖ਼ਰ ਇਥੇ ਮੁਸ਼ਕਲ ਹੀ ਮਿਲਦਾ ਹੈ, ਪਰ ਮਾਨਸਿਕ ਤੇ ਰੂਹਾਨੀ ਸੁਖ ਵੀ ਕਿਧਰੇ ਨਹੀਂ ਸੀ । 'ਮਾਨਸਿਕ' ਅਤਿਆਚਾਰ ਜੋਗੀਆਂ ਫੁਕਰਿਆਂ ਮੁਲਕੀ ਅਤਿਆਚਾਰਾਂ ਥੀਂ ਵੱਧ ਸਨ । ਮੌਤ, ਫਾਂਸੀ, ਜੇਲ੍ਹਖ਼ਾਨਾ ਜ਼ਾਲਮਾਂ ਦੇ ਜ਼ੁਲਮ ਬਡੰਗ ਹੋ ਜਾਂਦੇ ਹਨ, ਜਦ ਅੰਦਰ ਦੀ ਅਵਸਥਾ ਆਦਮੀ ਦੇ ਸੋਹਣੇ ਪ੍ਰਭਾਵਾਂ, ਸੁੱਚੀ ਰੂਹਾਨੀ ਹਾਲਤ ਕਰਕੇ ਉੱਚੀ ਚੜ੍ਹੀ ਤੇ ਤੇਜ ਵਾਲੀ ਹੋਵੇ; ਜਿਹੜੀ ਅੰਦਰ ਨਹੀਂ ਸੀ । ਲੋਕਾਂ ਨੂੰ ਘਰ ਵਾਲਿਆਂ ਭੰਨ ਸੁਟਿਆ ਸੀ । ਘਰ ਘਰ ਦੁਖ ਦੀ ਅੱਗ ਭੜਕ ਰਹੀ ਸੀ; ਬੇਚੈਨੀ ਸੀ, ਅਸ਼ਾਂਤੀ ਸੀ, ਘਬਰਾਹਟ ਸੀ, ਆਪੋ ਧਾਪੀ ਸੀ, ਇਕ ਦੂਜੇ 'ਤੇ ਵਿਸ਼ਵਾਸ ਨਹੀਂ ਸੀ, ਭਰਾ ਭਰਾ ਦਾ ਵੈਰੀ ਸੀ, 'ਹਮਦਰਦੀ' ਇਨਸਾਨੀ ਦਰਦ, ਦਇਆ, ਤਰਸ, ਭੈ, ਰਹਿਮ, ਰੱਬ, ਰਹੀਮ ਸਭ ਦਿਲਾਂ ਤੇ ਸ਼ਹਿਰਾਂ ਥੀਂ ਲੋਪ ਹੋ ਗਿਆ ਸੀ । ਕਸ਼ਮਕਸ਼ ਰੋਟੀ ਦੇ ਟੁਕਰਾਂ ਦੀ ਖ਼ਾਤਰ, ਜੰਗ-ਜਦਲ, ਕਤਲ, ਲੁੱਟਾਂਮਾਰਾਂ, ਅਤਿਆਚਾਰ ਆਮ ਸਨ । ਮਨੁੱਖ ਦੀ ਰੂਹ ਰਹਿਮਤ, ਵਹਿਸ਼ੀ ਜਾਨਵਰਾਂ ਥੀਂ ਬਦਤਰ ਸੀ । ਤੀਵੀਂ ਦੀ - ਜਿਹੜੀ ਇਸ ਦੇਸ਼ ਵਿਚ 'ਦੇਵੀ' ਰੂਪ ਮੰਨੀ ਜਾਣੀ ਚਾਹੀਦੀ ਸੀ- ਕੋਈ ਇੱਜ਼ਤ ਨਹੀਂ ਸੀ । ਹਿੰਦੂਆਂ ਦੀਆਂ ਸੋਹਣੀਆਂ ਇਸਤਰੀਆਂ ਸ਼ਰੀਰਕ ਬਲ ਵਾਲੇ ਵਹਿਸ਼ੀ ਲੋਕਾਂ ਦੀਆਂ ਲੁੱਟ ਦੀਆਂ ਚੀਜ਼ਾਂ ਵਿਚ ਚੀਜ਼ਾਂ ਸਨ । ਹਿੰਦੂਆਂ ਵਿਚ ਕੋਈ ਜਾਨ, ਕੋਈ ਇੱਜ਼ਤ ਕੋਈ ਅਣਖ ਬਾਕੀ ਨਹੀਂ ਸੀ ਰਹੀ । ਮਥਰਾ ਦੀਆਂ ਪੰਡਿਤਾਣੀਆਂ ਗ਼ਜ਼ਨੀ ਵਿਚ ਜਾ ਕੇ ਦੋ ਦੋ ਰੁਪਏ ਥੀਂ ਵਿਕਦੀਆਂ ਸਨ । ਹਾਕਮਾਂ ਦਾ ਡਰ ਐਸਾ ਛਾਇਆ ਹੋਇਆ ਸੀ ਕਿ ਕੁਲ ਲੋਕ ਚੂਹਿਆਂ ਵਾਂਗ ਖੁਡਾਂ ਵਿਚ ਸਿਰ ਲੁਕਾ ਕੇ

ਰਹਿੰਦੇ ਸਨ । ਧੀ ਲੁੱਟੀ ਜਾਏ, ਵਹੁਟੀ ਖੁਸ ਜਾਏ, ਆਪਣੀ ਜਾਨ ਬਚ ਜਾਏ । ਹਾਏ ! ਜਿੰਦ ਤੂੰ ਚਾਰ ਦਿਨ ਹੋਰ ਜੀ ਸਕੇਂ । ਲੋਕ ਆਪਣਾ ਕੱਚਾ ਚਮੜਾ ਬਚਾਉਣ ਲਈ ਬਿਨ ਆਈ ਮੌਤ, ਹਰ ਰੋਜ਼ ਸੱਜਰੀ ਮੌਤ ਮਰਦੇ ਸਨ । ਕਿਸੇ ਪਾਸ ਚਾਰ ਪੈਸੇ ਹੋ ਜਾਣ ਤਾਂ ਉਹ ਡਰਦਾ ਸੀ ਮਤੇ ਕਿਸੇ ਹਾਕਮ ਨੂੰ ਇਹ ਖ਼ਬਰ ਨਾ ਲੱਗ ਜਾਏ । ਕਾਇਰਤਾ ਦੀ ਕੋਈ ਹੱਦ ਨਹੀਂ ਸੀ, ਜਿਹੜੇ 'ਸੁਸਾਇਟੀ' ਤੇ ਮੁਲਕ ਦੇ ਆਗੂ ਸਨ, ਉਹ ਹਾਕਮਾਂ ਨਾਲ ਨਹੀਂ, ਪਰੰਤੂ ਆਪੋ ਵਿਚ ਲੜਦੇ ਸਨ ਤੇ ਇਕ ਦੂਜੇ ਦੇ ਰੁਤਬੇ ਦੇ ਖੋਹਣ ਵਿਚ ਲੱਗੇ ਰਹਿੰਦੇ ਸਨ । ਗ਼ਰੀਬਾਂ ਨੂੰ ਕੋਹਣਾ ਤੇ ਆਪਣੇ ਥੀਂ ਅਮੀਰਾਂ ਅੱਗੇ ਝੁਕਣਾ ਇਹ ਬਸ ਬਹਾਦਰੀ ਸੀ । 'ਡਰ' ਨੇ ਕੌਮ ਦੀ ਕੌਮ, ਮੁਲਕ ਦੇ ਮੁਲਕ ਨੂੰ ਮਾਰ ਸੁਟਿਆ ਸੀ, ਕੋਈ 'ਆਵਾਜ਼' ਨਹੀਂ ਸੀ । ਜੇ ਸੀ ਤਾਂ ਕਾਇਰਾਂ ਦੀ, ਯਾ ਹਾਕਮਾਂ ਦੀ, ਯਾਂ ਜ਼ਾਲਮਾਂ ਦੀ, ਯਾ ਲੁਟੇਰਿਆਂ ਦੀ ਤੇ ਉਹ ਮੁੜ ਮੁੜ ਓਥੇ ਹੀ ਸੱਟ ਮਾਰਦਾ ਸੀ । ਦੀਨ ਦੁਨੀਆਂ ਦੋਵੇਂ ਇਸ ਦੇਸ਼ ਵਿਚ ਜ਼ਹਿਰੀਲੇ ਹੋਏ ਸਨ । ਇਕ ਦੂਜੇ ਨੂੰ ਜੇ ਮਦਦ ਵੀ ਕਰਨਾ ਚਾਹੁੰਦੇ ਸਨ ਤਾਂ ਜ਼ਹਿਰ ਹੀ ਉਗਲਦੇ ਸਨ; ਜ਼ਹਿਰ ਹੀ ਫੈਲਾਂਦੇ ਸਨ । ਜ਼ਹਿਰੀਲੇ ਲੋਕੀਂ ਭਲਾ ਵੀ ਕਰਨ ਦੀ ਕਰਦੇ ਸਨ ਤਾਂ ਹੋਰ ਮੌਤ ਦੇ ਸਾਮਾਨ ਇਕੱਠੇ ਕਰ ਦੇਂਦੇ ਸਨ ।

ਕੋਈ ਜਿਹੜੇ ਚੰਗੇ ਲੋਕੀਂ ਸਨ, ਉਹ ਸਨ ਤਾਂ ਭਉ ਵਿਚ, ਭਾਅ ਵਿਚ, ਪਰ ਨਿਰਬਲ ਸਨ । ਆਪਣੀ ਇੱਜ਼ਤ ਬਚਾਣ ਦੀ ਖ਼ਾਤਰ ਛੁਪ ਕੇ ਰਹਿੰਦੇ ਸਨ ਯਾ ਜਲਦੀ ਮਾਰੇ ਜਾਂਦੇ ਸਨ । ਦੁਨੀਆਂ ਵਿਚ ਵੈਰ ਵਿਰੋਧ, ਖ਼ਾਨਾ-ਜੰਗੀ, ਮੁਲਕੀ ਤੰਗੀ, ਲੁੱਟ ਮਾਰ, ਮੌਤ ਤੇ ਦੁਖ ਦੇ ਸਾਮਾਨ ਰਹਿੰਦੇ ਹੀ ਹਨ, ਪਰ ਇਹਨਾਂ ਨਾਲ ਸਦਾ ਜੰਗ ਕਰਨਾ ਹੀ ਜ਼ਿੰਦਗੀ ਹੈ । ਇਹ ਪਾਪ ਦੁਨੀਆਂ ਦੀ ਬਨਾਵਟ ਹੀ ਰਚਿਆ ਧਰਿਆ ਹੈ । ਪਰ 'ਅਦਲ ਕਰਨਾ' ਕਾਣੀ ਵੰਡ ਨਾ ਕਰਨੀ, ਜ਼ਾਲਮਾਂ ਭੈੜਿਆਂ ਨੂੰ ਸਜ਼ਾ ਦੇਣੀ, ਰਾਜੇ ਦਾ ਗ਼ਰੀਬ ਰੱਈਅਤ ਦੇ ਸੁਖ ਦਾ ਹਰ ਤਰ੍ਹਾਂ ਪ੍ਰਬੰਧ ਕਰਨਾ, ਧਰਮ, ਨਿਆਂ, ਭੈਅ, ਭੌ ਕਰਨਾ, ਕੁਝ ਕਿਰਤ ਕਰਨੀ, ਨੇਕੀ ਕਰਨੀ, ਸਹਜ ਸੁਭਾਅ, ਇਕ ਦੂਜੇ ਦੇ ਦੁਖ-ਸੁਖ ਵਿਚ ਬਰ ਲੈਣੀ, ਸੇਵਾ ਕਰਨੀ, ਦੁਖੀਆਂ ਦਾ ਦਰਦ ਨਵਿਰਤ ਕਰਨਾ; ਇਹ ਸਭ ਇਖ਼ਲਾਕੀ ਤੇ ਰੂਹਾਨੀ ਕ੍ਰਿਸ਼ਮੇ ਦੇਖ ਕੇ ਇਸ ਸੰਸਾਰ ਦੇ ਯਾਤਰੂ ਨਿਰੀ ਮਾਯੂਸੀ, ਨਿਰਾਸਤਾ ਥੀਂ ਦੁਖੀ ਤੇ ਲੋਕ-ਟੁੱਟੇ ਹੋਣ ਦੀ ਥਾਂ ਲੱਕ ਬੰਨ੍ਹ ਲੈਂਦੇ ਸਨ, ਤਾਂ ਕਿ ਦੁਨੀਆਂ ਵਿਚ 'ਖ਼ਲਕ' ਨੂੰ ਸੁਖੀ ਕਰਨ ਵਾਲੀਆਂ ਤਾਕਤਾਂ ਨਾਲ ਹੋ ਕੇ ਲੜੀਏ ।

ਉਸ ਵੇਲੇ ਦੀ ਅੱਗੇ ਪਿੱਛੇ ਦੀ ਦੁਨੀਆ ਦਾ ਜ਼ਿਕਰ ਭਾਈ ਗੁਰਦਾਸ ਜੀ ਇਉਂ ਕਰਦੇ ਹਨ:

**ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ ।**
**ਰਾਜੇ ਪਾਪੁ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ ।**
**ਪਰਜਾ ਅੰਧੀ ਗਿਆਨ ਬਿਨੁ ਕੂੜ ਕੁਸਤੁ ਮੁਖਹੁ ਆਲਾਈ ।**
**ਚੇਲੇ ਸਾਜ ਵਜਾਇਦੇ ਨਚਨਿ ਗੁਰੂ ਬਹੁਤੁ ਬਿਧਿ ਭਾਈ ।**
**ਚੇਲੇ ਬੈਠਨਿ ਘਰਾਂ ਵਿਚਿ ਗੁਰਿ ਉਠਿ ਘਰੀਂ ਤਿਨਾੜੇ ਜਾਈ ।**
**ਕਾਜੀ ਹੋਏ ਰਿਸਵਤੀ ਵਢੀ ਲੈ ਕੈ ਹਕੁ ਗਵਾਈ ।**
**ਇਸਤ੍ਰੀ ਪੁਰਖੈ ਦਾਮਿ ਹਿਤੁ ਭਾਵੈ ਆਇ ਕਿਥਾਉਂ ਜਾਈ ।**
**ਵਰਤਿਆ ਪਾਪੁ ਸਭਸਿ ਜਗਿ ਮਾਂਹੀ ॥** (ਵਾਰਾਂ ਭਾਈ ਗੁਰਦਾਸ ਜੀ, ਵਾਰ ੧, ਪਉੜੀ ੩੦)

ਗਿਆਨਵਾਨ ਪੁਰਖ ਜ਼ਿੰਦਗੀ ਥੀਂ ਅੱਗੇ ਹੀ ਕੁਝ ਉਦਾਸ ਰਹਿੰਦੇ ਹਨ, ਪਰ ਜਦ ਮੁਲਕ ਦੀ ਤੇ ਆਚਾਰੀਆਂ ਦੀ ਇਹ ਹਾਲਤ ਹੋਵੇ, ਤੇ ਭਲਾ ਪੁਰਖ, ਮਹਾਂ ਪੁਰਖ ਕੋਈ ਨਜ਼ਰੀਂ ਨਾ ਆਵੇ, ਤਾਂ ਇਹ ਧਰਤੀ ਤਪੇ ਲੋਹੇ ਵਾਂਗ ਉਹਨਾਂ ਨੂੰ ਭਾਸਦੀ ਹੈ । ਸਾਧੂ ਲੋਕ ਬੜੇ ਤੰਗ ਹੁੰਦੇ ਸਨ । ਨਿਆਂ, ਧਰਮ, ਸ਼ੁਭ ਕਰਮ, ਦਇਆ, ਸ਼ੀਲ, ਸੰਤੋਖ, ਸੰਜਮ ਆਦਿਕ ਮਨੁੱਖਾਂ ਜਨਮ ਦੇ ਰਤਨ ਸਭ ਲੋਪ ਹੋਏ ਦਿੱਸਦੇ ਹਨ ।

**ਮੂਰਖ ਸਚੁ ਨ ਜਾਣਨੀ ਮਨਮੁਖੀ ਜਨਮੁ ਗਵਾਇਆ ॥** **(ਪੰਨਾ 467)**

ਤੇ ਸੱਚੇ ਪਾਤਸ਼ਾਹ ਆਪ ਦੁਨੀਆਂ ਦਾ ਹਾਲ ਦੱਸਦੇ ਹਨ :

**ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ ॥**
**ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ ॥**
**ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥**
**ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ ॥**
**ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ ॥**
**ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ ॥**
**ਧਰਮੀ ਧਰਮੁ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰੁ ॥**
**ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ ॥**
**ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ ॥**
**ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ ॥**

**(ਆਸਾ ਕੀ ਵਾਰ, ਮ: ੧, ਪੰਨਾ 469)**

ਇਸ ਵਿਚ ਓਹ ਗੱਲ ਜੋ 'ਲੂਥਰ' ਆਦਿਕ ਕਈ ਲੰਮੀਆਂ ਤਕਰੀਰਾਂ ਵਿਚ ਕਰਨ, ਸੱਚੇ ਪਾਤਿਸ਼ਾਹ ਨੇ ਇਕ ਪਉੜੀ ਵਿਚ ਮੁਕਾਈ ਹੈ । ਸਮੁੰਦਰਾਂ ਨੂੰ ਅੱਖਰਾਂ ਵਿਚ ਪਾ ਦੇਣਾ ਬਾਬਾ ਜੀ ਦੀ ਸਾਹਿਤਕ ਕਰਾਮਾਤ ਹੈ:

**ਪਤਿ ਪਰਵਾਣਾ ਪਿਛੈ ਪਾਈਐ ਤਾਂ ਨਾਨਕ ਤੋਲਿਆ ਜਾਪੈ ॥**

ਬਸ, ਦੁਨੀਆ ਪਾਪ ਦੇ ਸ਼ੋਰ ਨਾਲ ਭਰੀ ਪਈ ਸੀ ਤੇ ਹੈ । ਜਿਹੜੇ ਪਾਪ ਨਹੀਂ ਕਰਦੇ, ਉਹ ਉਸ ਥੀਂ ਵੱਧ ਪਾਪ 'ਵਾਦ' ਕਰਦੇ ਹਨ । "ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ ॥" ਇਉਂ ਜਿਸ ਨੂੰ ਉਸ ਜ਼ਮਾਨੇ ਦੇ ਜ਼ਾਲਮਾਂ ਥੀਂ ਵੱਧ ਜ਼ਾਲਮ ਗਿਆਨੀ ਲੋਕੀਂ ਸ਼ੋਰ ਪਾ ਪਾ ਮਖ਼ਲੂਕ ਦੇ ਭਲੇ ਦੀ ਗੱਲ ਦੱਸਦੇ ਸੀ; ਉਹ ਵੀ ਪਾਪ ਦਾ ਸ਼ੋਰ ਸੀ । ਸਭ ਕੁਛ ਜ਼ਹਿਰ ਨਾਲ ਭਰ ਗਿਆ ਸੀ ।

**ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ ॥**

ਤੇ

**ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ ॥**

ਤੇ ਜਿਹੜੇ ਇਸ ਜ਼ਹਿਰੀਲੇ ਚੁਗਿਰਦੇ ਵਿਚ ਕੁਛ ਧਰਮ-ਕਰਮ ਕਰਦੇ ਸਨ, ਓਹ ਅਜਰ ਵਿਚ "ਮੰਗਹਿ ਮੋਖ ਦੁਆਰੁ" । ਐਸੀ ਜ਼ਹਿਰੀਲੀ ਹਾਲਤ ਵਿਚ ਹਿੰਦੁਸਤਾਨ ਦੇ ਉਸ ਵੇਲੇ ਦੇ ਭਗਤਾਂ ਦੀ ਭਗਤੀ, ਅਥਵਾ ਤਪ ਨੇ ਜਟਾਧਾਰੀ ਬੈਰਾਗੀਆਂ ਦੀਆਂ ਹੋਰ ਸੰਪ੍ਰਦਾਵਾਂ ਤੋਰ ਦਿੱਤੀਆਂ ਸਨ । ਪਰ ਇਹ ਬਾਹਰ ਦੇ ਵੈਰ ਵਿਰੋਧ ਨਾ ਮਿਟਾ ਸਕੇ; ਨਾ ਹੀ ਅੰਦਰ ਦੀ ਸ਼ਾਂਤੀ ਉਪਜਾ ਸਕੇ । ਸੰਸਾਰ ਕਾਲਾ ਸਿਆਹ ਹੋ ਗਿਆ; ਘੁੱਪ ਜ਼ਹਿਰੀਲੀ ਰਾਤ ਪੈ ਗਈ । ਹੁਣ ਉਸ ਆਲਮਗੀਰ ਹਨੇਰੇ ਵਿਚ ਮਾਂ ਪੁੱਤ ਦਾ ਪਿਆਰ ਵੈਰ ਵਿਚ ਬਦਲ ਗਿਆ । ਭਗਤੀ ਵੀ ਇਕ ਕਮਜ਼ੋਰੀ ਹੋ ਗਈ । ਸਾਹਿਤ, ਸੰਗੀਤ, ਕਲਾ ਸਭ ਦੂਸ਼ਨ ਹੋ ਗਏ । ਸਾਰੀ ਹਿੰਦੂ ਸਭਿਅਤਾ ਕਾਲੀ ਹੋ ਗਈ । ਰਾਜੇ, ਜਿਨ੍ਹਾਂ ਨੇ ਪਰਜਾ ਦੀ ਰਖਿਆ ਕਰਨ ਦੀ 'ਬੇਗ਼ਰਜ਼ੀ' ਦਾ ਪਰਮ ਪਰਉਪਕਾਰ ਚੁਕਿਆ ਸੀ, ਕਸਾਈ ਹੋ ਗਏ । ਵਾਸਤਵ ਵਿਚ ਰਾਜਾ ਦਾ ਧਰਮ ਪਾਲਣਾ ਸਭ ਧਰਮਾਂ ਥੀਂ ਕਠਿਨ ਹੈ । ਰਾਜੇ ਦੇ ਹੱਥ ਵਿਚ ਤੱਕੜੀ ਹੈ, ਦਿਲ ਵਿਚ ਰੱਬ । ਜੇ ਓਹ ਰੱਬ

ਵਰਗਾ ਨਾ ਹੋਵੇ, ਤਦ ਓਹ ਕਸਾਈ ਹੋ ਜਾਂਦਾ ਹੈ। ਜੇ ਪੂਰਾ ਨਾ ਤੋਲੇ ਤਦ ਓਹ ਜ਼ਾਲਮ ਹੈ। ਹਮਲਾਵਰਾਂ ਦੇ ਖ਼ਿਲਾਫ਼ ਗ਼ਰੀਬਾਂ ਦੀ ਰੱਛਯਾ ਨਾ ਕਰੇ ਤਦ ਓਹ ਪਤਿਤ ਹੋ ਜਾਂਦਾ ਹੈ। ਜੇ ਰੱਈਅਤ ਨੂੰ ਜਾਨਵਰਾਂ, ਸੱਪਾਂ, ਦਰਿਆਵਾਂ, ਅੱਗਾਂ ਥੀਂ ਨਾ ਬਚਾਵੇ, ਤਦ ਓਹ ਕਿਰਪਣ ਹੈ। ਜੇ ਓਹ ਕਿਸੇ ਨਾਲ ਧੜੇ-ਬਾਜ਼ੀ ਕਰੇ, ਯਾ ਕਿਸੀ ਮਜ਼੍ਹਬ ਦਾ ਹੋ ਕੇ ਰਾਜ ਕਮਾਵੇ, ਤਦ ਓਹ ਮਹਾਂ ਪਾਤਕੀ ਹੈ। ਰਾਜੇ ਦਾ ਧਰਮ, ਕਰਮ, ਮਜ਼੍ਹਬ ਨਿਆਂ ਦੀ ਤੁਲਨਾ ਹੈ। ਬੇਗ਼ਰਜ਼ ਰੱਬ ਦੀ ਮਖ਼ਲੂਕ ਨੂੰ ਸੁਖੀ ਕਰਨ ਦੀ ਸੇਵਾ ਓਹਦਾ ਸ਼ਾਸਨ (ਹੁਕਮ) ਹੈ। ਆਪ ਸਭ ਧਰਮਾਂ ਦਾ, ਸਭ ਕੌਮਾਂ ਦਾ, ਸਭ ਰੱਈਅਤ ਦਾ, ਅਮੀਰਾਂ, ਗ਼ਰੀਬਾਂ ਦਾ ਸਾਂਝਾ ਨਿਸ਼ਾਨ ਹੈ। ਕਾਨੂੰਨ ਸੁੱਚਾ ਹੈ। ਕਾਨੂੰਨ ਦਾ 'ਭੈਅ ਤੇ ਦੰਡ' ਪਰਜਾ ਦੀ ਰੱਛਾ ਰਾਜੇ ਦੀ ੌਜ ਦਾ ਕੇਵਲ ਇਕ ਧਰਮ ਹੈ।

ਇਹ ਜਲਨ, ਸਾੜਾ, ਦ੍ਵੈਤ, ਨਫ਼ਰਤ, ਪਰਸਪਰ ਵਿਰੋਧ, ਪਾਪ, ਖ਼ੁਦਗ਼ਰਜ਼ੀ ਜਿਸਮਾਨੀ ਵਿਸ਼ੇ-ਵਿਕਾਰ, ਤੇ ਇਹਨਾਂ ਦੇ 'ਸਮਾਨ' ਭੋਗਣ ਦੀ ਆਪੋ ਧਾਪੀ ਜੰਗ, ਰਾਜਿਆਂ ਦਾ ਪਰਜਾ ਨੂੰ ਫ਼ੌਜਾਂ ਦੇ ਡਰ ਨਾਲ ਸਹਿਮ ਦੇ ਡਰ ਵਿਚ ਕਾਬੂ ਰੱਖਣਾ, ਦੁੰਬੇ ਵਾਂਗ ਕੁੱਟਣਾ ਤੇ ਜੋ ਮਨ ਚਾਹੇ ਸੋ ਕਰਨਾ - ਇਹ ਸਭ ਕਾਲੇ ਕੰਮਾਂ ਨੇ ਘੋਰ ਰਾਤ ਪਾ ਰੱਖੀ ਸੀ। ਜੋ ਡਾਢੇ ਦੀ ਰਾਇ ਸੋ ਧਰਮ ਸ਼ਾਸਤਰਾਂ ਦੀ ਰਾਏ ਸੀ। ਗੁਰੂ ਨਾਨਕ ਦੇਵ ਜੀ ਦਾ ਅਵਤਾਰ ਐਸੇ ਘੋਰ ਕਲਜੁਗ ਵਿਚ ਇਸ ਕਾਰਨ ਹੋਇਆ। ਰੱਬ ਦੇ ਸਿੰਘਾਸਨ ਤਕ ਗ਼ਰੀਬ ਮਖ਼ਲੂਕ ਭੇਡਾਂ ਦੇ ਇਜੜ ਦੀ ਪੁਕਾਰ-ਅਰਦਾਸ ਪਹੁੰਚੀ। ਭਾਈ ਗੁਰਦਾਸ ਜੀ ਲਿਖਦੇ ਹਨ:

**ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੂ ਨਾਨਕ ਜਗ ਮਾਹਿ ਪਠਾਇਆ।**
**ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤੁ ਸਿਖਾਂ ਪੀਲਾਇਆ।**
**ਪਾਰਬ੍ਰਹਮੁ ਪੂਰਨ ਬ੍ਰਹਮੁ ਕਲਿਜੁਗਿ ਅੰਦਰਿ ਇਕੁ ਦਿਖਾਇਆ।**
**ਚਾਰੇ ਪੈਰ ਧਰਮ ਦੇ ਚਾਰਿ ਵਰਨਿ ਇਕੁ ਵਰਨੁ ਕਰਾਇਆ।**
**ਰਾਣਾ ਰੰਕੁ ਬਰਾਬਰੀ ਪੈਰੀ ਪਾਵਣਾ ਜਗਿ ਵਰਤਾਇਆ।**
**ਉਲਟਾ ਖੇਲੁ ਪਿਰੰਮ ਦਾ ਪੈਰਾ ਉਪਰਿ ਸੀਸੁ ਨਿਵਾਇਆ।**
**ਕਲਿਜੁਗੁ ਬਾਬੇ ਤਾਰਿਆ ਸਤਿ ਨਾਮੁ ਪੜਿ ਮੰਤ੍ਰ ਸੁਣਾਇਆ।**
**ਕਲਿ ਤਾਰਣਿ ਗੁਰੂ ਨਾਨਕੁ ਆਇਆ॥ (ਭਾਈ ਗੁਰਦਾਸ ਜੀ, ਵਾਰ ੧, ਪਉੜੀ ੨੩)**

ਖਾਲਸਾ ਸਾਜਨਾ ਦਿਵਸ ਤੇ ਮੇਰਾ ਜੀ ਕੀਤਾ ਹੈ ਕਿ ਗੁਰੂ ਬਾਬੇ ਦੇ ਸਿਖ ਅਖਾਉਣ ਵਾਲੇ ਬੰਦੇ 'ਮਾਈ ਭਾਈ' ਆਪਣੇ ਗਲਵਾਤ ਵਿਚ ਝਾਤੀ ਪਾ ਕੇ ਤੱਕਣ ਕਿ :

1. ਅਸੀਂ ਕਲਜੁਗ ਦੀ ਕਾਲੀ ਰਾਤ ਦੀ ਸਮੂਹ ਸੈਨਾਂ ਨਾਲ ਤਾਂ ਧੜੇਬੰਦੀ ਨਹੀਂ ਪਾ ਰਹੇ ?
2. ਕੀਹ ਅਸੀਂ ਵਾਹਿਗੁਰੂ ਨੂੰ ਹੀ ਤਾਂ ਨਹੀਂ ਭੁੱਲੀ ਬੈਠੇ ?
3. ਕੀ ਅਸੀਂ ਮੁੜ ਟੁਕੜਿਆਂ ਪਿੱਛੇ ਦਰ ਦਰ ਕੂੜ ਕੁਸੱਤ ਕਰਨ ਵਾਲੇ ਤਾਂ ਨਹੀਂ ਹੋ ਗਏ ?
4. ਕੀ ਸਾਡੇ ਅੰਦਰ ਦਮ-ਬ-ਦਮ 'ਸਤਿਨਾਮੁ' ਦਾ ਵਾਸ ਹੈ ਕਿ ਨਹੀਂ ? ਭੂਤਰੇ ਪੰਛੀ ਵਾਂਗ ਐਵੇਂ ਵਹਿਮੀ ਤੇ ਨਕਲਾਂ ਉਚਾਰਨ ਮਾਤਰ ਤਾਂ ਨਹੀਂ ? ਕੀ ਸਾਡੇ ਅੰਦਰ ਜਿਸ ਦਾ ਨਾਮ 'ਸਤਿ' ਹੈ, ਵਸਦਾ ਹੈ ਕਿ ਨਹੀਂ ? ਕੀ ਜੋ 'ਨਿਰਭਉ' ਹੈ, ਓਹ ਸਾਡੇ ਅੰਦਰ ਹੈ ਕਿ ਨਹੀਂ ?
5. ਮੌਤ ਥੀਂ ਤਾਂ ਅਸੀਂ ਨਹੀਂ ਡਰ ਰਹੇ ?
6. ਖ਼ੁਦਗ਼ਰਜ਼ੀ ਤੇ ਆਪਣਿਆਂ ਮਨਾਂ ਦੇ ਵਿਸ਼ਿਆਂ ਦੇ ਸਵਾਦਾਂ ਪਿੱਛੇ ਗੁਰੂ ਜੀ ਦਾ ਨਾਮ ਬੇ-ਅਰਥ ਤਾਂ ਨਹੀਂ ਲੈ ਰਹੇ ?
7. ਦਿਨ ਬਦਿਨ ਸਾਡੇ ਵਿਚ ਮੈਤਰੀ, ਇਨਸਾਨੀ ਦਰਦ, ਦਇਆ, ਉਦਾਰਤਾ ਵਧ ਰਹੇ ਹਨ ਕਿ ਨਹੀਂ ?

8. ਕੰਗਾਲਤਾ, ਕਿਰਪਣਤਾ, ਕਠੋਰਤਾ, ਕੂੜ ਹੱਠ, ਦਿਲ ਦੁਖਾਣਾ, ਕੂੜ ਰੇਬ ਚਾਲਾਂ, ਬਾਹਰੋਂ ਹੋਰ ਅੰਦਰੋਂ ਹੋਰ ਘਟ ਰਹੇ ਹਨ ਕਿ ਵਧ ਰਹੇ ਹਨ ?

9. ਆਪਣੇ ਥੀਂ ਨੀਵਿਆਂ ਨਾਲ ਸਾਡਾ ਕੀ ਸਲੂਕ ਹੈ ? ਆਪਣੇ ਮਾਤਹਿਤਾਂ ਨੂੰ ਅਸੀਂ ਚੰਗਾ ਬਸਤਰ, ਚੰਗਾ ਖਾਣ, ਮਿੱਠਾ ਬਚਨ ਤੇ ਮਾਂ-ਪਿਓ ਵਰਗਾ ਪਿਆਰ ਕਰਦੇ ਹਾਂ ਕਿ ਨਹੀਂ ?

10. ਇਸਤਰੀ ਜਾਤੀ ਦਾ ਸ਼ੂਦਰਾਂ ਵਾਂਗ ਤ੍ਰਿਸਕਾਰ ਤਾਂ ਨਹੀਂ ਕਰ ਰਹੇ ?

11. ਗੁਰੂ ਦੀ ਸ਼ਰਨ ਆ ਕੇ, ਗੁਰੂ ਨਾਮ ਲੈਣ ਵਾਲੇ ਹੋ ਕੇ, ਕੀ ਸਹਿਜ ਸੁਭਾਅ ਦਿਨ ਬਦਿਨ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਘਟ ਰਹੇ ਹਨ ਕਿ ਨਹੀਂ ?

12. ਕੀ ਗੁਰਮਤੇ ਅਰਥਾਤ ਸਿਖ ਸਾਧ ਸੰਗਤ ਵਿਚ ਪਿਤਾ ਰੂਪ ਦਿੱਸਦਾ ਹੈ ਕਿ ਨਹੀਂ ? ਅਸੀਂ ਉਹਦੇ ਪੁੱਤਰ ਇੱਕੋ ਜਿਹੇ ਹਾਂ ਕਿ ਨਹੀਂ ; ਚੰਗੇ ਮਾੜੇ ਓਹਦੇ ਹਾਂ ਕਿ ਨਹੀਂ ? ਕੀ ਸਾਡੇ ਅੰਦਰ ਉਹਦਾ ਪਿਆਰ ਇਤਨਾ ਤੀਬਰ ਹੈ ਕਿ ਨਹੀਂ, ਕਿ ਉਸ ਦੀ ਖ਼ਾਤਰ ਕੋਈ ਐਸੀ ਘੜੀ 24 ਘੰਟੇ ਵਿਚ ਆਵੇ ਕਿ ਭਰਾਵਾਂ ਦੇ ਔਗੁਣਾਂ ਉਪਰ ਚਾਦਰ ਪਾਉਣ ਤੇ ਦਿਲ ਕਰ ਆਉਂਦਾ ਹੋਵੇ ਤੇ ਗੁਰੂ ਦੇ ਹੋਣ ਕਰਕੇ ਉਹਨਾਂ ਨੂੰ ਗਲ ਲਾਉਣ ਤੇ ਦਿਲ ਕਰ ਆਉਂਦਾ ਹੋਵੇ ? ਦੂਜੇ ਦੇ ਕਸੂਰ ਦੇਖ ਕੇ ਅਸੀਂ ਅਣਡਿੱਠੇ ਕਰ ਸਕਦੇ ਹਾਂ ਕਿ ਨਹੀਂ ?

13. ਖ਼ਾਲਸੇ ਵਿਚ 'ਸਾਧੂਤਾ', 'ਮਿੱਠਤਾ', 'ਸਰਲਤਾ' ਵਧ ਰਹੀ ਹੈ ਕਿ ਨਹੀਂ ?

14. ਪੰਥ ਨੂੰ ਕੋਈ ਵੱਟਾ ਤਾਂ ਨਹੀਂ ਲਾਇਆ ? ਕੀ 'ਖਲਬਲ' ਬੇਚੈਨੀ, ਸੁਰਤ ਦਾ ਖਿੰਭਾਅ ਤੇ ਸੁਰਤ ਦੀ ਕਮਜ਼ੋਰੀ ਕਰਕੇ ਆਪੇ ਨਾਲ ਵੈਰ ਵਿਰੋਧ, ਨਾ ਇਤਫ਼ਾਕੀ ਦੀਆਂ ਝਈਆਂ ਲੈਣ ਹੋ ਰਹੀਆਂ ਹਨ ? ਇਕ ਦੂਜੇ ਨੂੰ ਦੰਦਾਂ ਨਾਲ ਪਾੜਨ ਉੱਤੇ ਤਤਪਰ ਹੋਣ ਵਿਚ ਮੇਰਾ ਤੇ ਮੇਰੇ ਲਵਾਹਿਕੀਨ ਦਾ ਕਿੰਨਾ ਕਸੂਰ ਹੈ ? ਹਾਂ, ਸ਼ਖ਼ਸੀ ਤੇ ਸਮੂਹੀ ਰੂਪ ਵਿਚ ਮਨਮੁਖਤਾ ਦਾ ਵਾਧਾ ਮੇਰੀ ਜਾਤ ਯਾ ਮੇਰੇ ਮਿੱਤਰਾਂ, ਪਾਰਟੀਆਂ ਕਰਕੇ ਕਿਤਨਾ ਹੋ ਰਿਹਾ ਹੈ ? ਜੇ ਹੋ ਰਿਹਾ ਹੈ ਤੇ ਜਦ ਤਕ ਮੈਂ ਗੁਰਮੁਖਤਾ ਦਾ ਜਗਿਆਸੂ ਨਾ ਬਣਾਂ, ਮੈਂ ਗੁਰੂ ਦੇ ਪੰਥ ਨੂੰ, ਗੁਰੂ ਦੇ ਨਾਮ ਨੂੰ ਵੱਟਾ ਲਾ ਰਿਹਾ ਹਾਂ ਕਿ ਨਹੀਂ ?

15. ਕੀ ਇਸ ਕਲਜੁਗ ਵਿਚ ਜਿਥੇ ਹਰ ਕੋਈ ਆਪਣੇ ਸ਼ਖ਼ਸੀ ਤੇ ਕੌਮ ਦੇ ਜੁੱਸੇ ਦੀ ਪਾਲਣਾ ਦੇ ਆਹਰ ਵਿਚ ਹੈ ਤੇ ਉਸ ਅਸੂਲ ਉੱਤੇ ਕੁਲ ਨਿਆਂਕਾਰੀ ਤੇ ਕੂੜ ਨੂੰ ਆਪਣੀਆਂ ਧਰਮ ਪੁਸਤਕਾਂ ਦਵਾਰਾ ਸੱਚ ਸਾਬਤ ਕਰਨ ਦੇ ਯਤਨ ਕਰ ਰਿਹਾ ਹੈ, ਖ਼ਾਲਸਾ ਧਰਮ ਗੁਰੂ ਸਾਹਿਬ ਨੇ ਵੀ ਬਸ ਹੋਰਨਾਂ ਵਾਂਗ 'ਚਮ ਦਾ ਬੱਕਰਾ' ਪਾਲਣ ਨੂੰ ਹੀ ਬਣਾਇਆ ਸੀ ? ਯਾ ਜਿਵੇਂ ਦਸਵੇਂ ਪਾਤਿਸ਼ਾਹ ਜੀ ਹੁਕਮ ਦੇਂਦੇ ਹਨ :

**ਬਿਨ ਏਕ ਨਾਮ ਇਕ ਚਿਤ ਲੀਨ ॥ ਫੋਕਟ ਸਰਬ ਧਰਮਾ ਬਿਹੀਨ ॥**

ਤੇ ਫੇਰ :

**ਸਭ ਕਰਮ ਫੋਕਟ ਜਾਨ ॥ ਸਬ ਧਰਮ ਨਿਹਫਲ ਮਾਨ ॥**
**ਬਿਨ ਏਕ ਨਾਮ ਅਧਾਰ ॥ ਸਬ ਕਰਮ ਭਰਮ ਵਿਚਾਰ ॥**
**ਜੇ ਜੇ ਬਾਕਿ ਕਰਤ ਹੰਕਾਰਾ ॥ ਤਿਨ ਤੇ ਭਿੰਨ ਰਹਤ ਕਰਤਾਰਾ ॥**
**ਬੇਦ ਕਤੇਬ ਬਿਖੈ ਹਰਿ ਨਾਹੀ ॥ ਜਾਨ ਲੇਹੁ ਹਰਿ ਜਨ ਮਨ ਮਾਹੀ ॥**
**ਜਾਗਤ ਜੋਤਿ ਜਪੈ ਨਿਸ ਬਾਸੁਰ, ਏਕ ਬਿਨਾ ਮਨ ਨੈਕ ਨ ਆਨੈ ॥**
**ਪੂਰਨ ਪ੍ਰੇਮ ਪ੍ਰਤੀਤ ਸਜੈ, ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ ॥**
**ਤੀਰਥ ਦਾਨ ਦਇਆ ਤਪ ਸੰਜਮ, ਏਕ ਬਿਨਾ ਨਹਿ ਏਕ ਪਛਾਨੈ ॥**

**ਪੂਰਨ ਜੋਤ ਜਗੈ ਘਟ ਮੈ, ਤਬ ਖਾਲਸ ਤਾਹਿ ਨਖ਼ਾਲਸ ਜਾਨੈ ॥**

16. ਕੀ ਅਸੀਂ ਹੋਰਨਾਂ ਮਜ਼ਬਾਂ ਵਾਂਗ ਇਕ ਗੱਲਾਂ ਕਰਨ ਵਾਲਾ ਟੋਲਾ ਹੋ ਗਏ ਹਾਂ ? ਯਾ 'ਕਿਰਤ ਕਰਨੀ', 'ਚੁੱਪ ਰਹਿਣਾ', 'ਨਾਮ ਜਪਣਾ', 'ਵੰਡ ਛਕਣਾ' ਸਤਿਗੁਰੂ ਜੀ ਦੀ ਜੀਵਨ ਚਰਿਤਰਾਂ ਦੇ ਪੂਰਨਿਆਂ ਤੇ ਟੁਰਨਾ ਸਾਡਾ ਧਰਮ ਹੈ ? ਬਾਬਾ ਜੀ ਜਿਥੇ ਜਾਂਦੇ ਸੀ, ਪਹਿਲੇ ਨਿਰੰਕਾਰ ਦੀ ਧੁਨੀ ਦੁਆਰਾ ਸਭ ਕਾਵਾਂ ਰੌਲਾ ਚੁੱਪ ਕਰਾਂਦੇ ਸੀ ।

ਆਂਜਾ ਕਿ ਸੁਲਤਾਨ ਖੈਮਾ ਜ਼ਦ ਗ਼ੌਂਗਾ ਨ ਮਾਂਦ ਆਸ ਰਾ ।

ਖ਼ਾਲਸਾ ਸਜਾਇਆ, ਆਪਣਾ ਬਣਾਇਆ; ਆਸ ਥੀਂ ਉੱਚਾ ਕੀਤਾ । ਉਹ ਅੰਦਰ ਦੀ ਉਚਾਈ ਸਾਡੇ ਵਿਚ ਕਿੰਨੀ ਹੈ ? ਦਿਨੋ ਦਿਨ ਵਧ ਰਹੀ ਹੈ ਕਿ ਘਟ ਰਹੀ ਹੈ ? ਸਾਡੇ ਖ਼ਿਆਲ ਨੀਵਾਣਾਂ ਖੇਹਾਂ ਵਿਚ ਵਹਿਸ਼ੀ ਜਾਨਵਰਾਂ ਵਾਂਗ ਵੜ ਰਹੇ ਹਨ ਕਿ ਬਾਜ਼ਾਂ ਵਾਲੇ ਦੇ ਚਿੱਟੇ ਬਾਜ਼ਾਂ ਵਾਂਗ ਉੱਚੇ ਮੰਡਲਾਂ ਵਿਚ ਉੱਡ ਰਹੇ ਹਨ ? ਸੱਚੇ ਪਾਤਿਸ਼ਾਹਾਂ ਨੇ ਸਤਿਨਾਮ ਦੇ ਝੰਡੇ ਲਾਏ ਸਨ 'ਸਤਿਨਾਮ ਸਚ' ਹੇਠ ਗ਼ਰੀਬਾਂ ਗ਼ੁਰਬਿਆਂ ਨੂੰ ਵੀ ਸੱਦਿਆ ਸੀ ਤੇ ਰਾਜਿਆਂ ਨੂੰ ਵੀ ਸੱਦਿਆ ਸੀ । ਰਾਜੇ ਦੁਪਿਆਰੇ ਨਹੀਂ ਸਨ :

**ਰਾਣਾ ਰੰਕੁ ਬਰਾਬਰੀ ਪੈਰੀ ਪਾਵਣਾ ਜਗਿ ਵਰਤਾਇਆ ॥**

ਕੀ ਸਾਡੀ ਸੁਰਤ ਵਿਚ ਰੱਬੀ ਬਰਾਬਰਤਾ, ਰੱਬੀ ਦਇਆ, ਰੱਬੀ ਨਿਆਂ, ਰੱਬੀ ਸੱਚ, ਰੱਬੀ ਉਚਾਈ, ਰੱਬੀ ਮਿੱਤਰਤਾ, ਰੱਬੀ ਬਖ਼ਸ਼ਿਸ਼ ਰੱਬ ਜੀ ਦੇ ਗੁਣ ਸਹਿਜੇ ਸਹਿਜੇ ਆ ਰਹੇ ਹਨ ਕਿ ਜਾ ਰਹੇ ਹਨ ?

17. ਜਿਹਨਾਂ ਗੁਰਾਂ ਦਾ ਨਾਮ ਲੈ ਅਸੀਂ ਅਰਦਾਸ ਕਰਦੇ ਹਾਂ, ਉਹ ਆਪੇ ਥੀਂ ਵੱਧ ਚੰਗੇ ਲੱਗਦੇ ਹਨ ਕਿ ਆਪਾ ਵੱਧ ਚੰਗਾ ਲੱਗਦਾ ਹੈ ? ਆਪੇ ਵਿਚ ਆਪਣੇ ਖ਼ਿਆਲ ਰਾਵਾਂ ਬੱਧੇ ਵਿਰਸੇ ਵਿਚ ਆਏ, ਵਹਿਸ, ਕੂੜ, ਰਇਆਕਾਰੀਆਂ, ਖ਼ੁਦ.ਗਰਜ਼ੀਆਂ ਸਭ ਸ਼ਾਮਿਲ ਹਨ, ਜੇ ਆਪਾ ਚੰਗਾ ਲੱਗਦਾ ਹੈ, ਤਦ ਸਿੱਖੀ ਹਾਲੇ ਨੇੜੇ ਨਹੀਂ ਆ ਰਹੀ ।

**ਮੁਰਦਾ ਹੋਇ ਮੁਰੀਦੁ ਨ ਗਲੀ ਹੋਵਣਾ ।**

ਕਿਧਰੇ 'ਚੜ੍ਹਦੀ ਕਲਾ' ਮੱਤ ਉੱਚੀ ਅਹੰਕਾਰ ਦੇ ਜੱਫੇ ਚ ਹੀ ਤਾਂ ਨਹੀਂ ?

18. ਕੀ ਰੱਬ ਹਾਜ਼ਰ ਨਾਜ਼ਰ ਦਿੱਸਦਾ ਹੈ ਕੁਦਰਤ ਵਿਚ 'ਕੁਦਰਤ – ਵਸਿਆ' ਦਾ ਕਦੀ ਦੀਦਾਰ ਕੀਤਾ ਹੈ ?

ਜੇ ਸੁਰਤ ਵੇਚ ਕੇ ਰੋਟੀ ਕਮਾਈ ਜਾ ਰਹੀ ਹੈ, ਤਦ ਸੁਰਤ ਅਕਾਲੀ ਕਿੱਥੇ ? ਤੇ ਜੇ ਪਾਪ ਪੁੰਨ ਦੀ ਮਿੱਟੀ ਛਾਣ ਕੇ ਰੋਟੀ ਦਾ ਹੀ ਆਹਰ ਹੋ ਰਿਹਾ ਹੈ, ਤਦ 'ਰੋਟੀਆ ਕਾਰਣਿ ਪੂਰਹਿ ਤਾਲ' ਤੇ ਸਿੱਖਾਂ ਵਿਚ ਕੀ ਫ਼ਰਕ ਹੈ ? ਫਿਰ ਆਪਣੇ ਥੀਂ ਨੀਵੇਂ ਭਰਾਵਾਂ ਉਪਰ ਜਬਰ ਕੀ ? ਆਪਣੇ ਥੀਂ ਕਮਜ਼ੋਰ ਵੀਰਾਂ ਉਪਰ ਨੱਕ ਚੜ੍ਹਾਵਨਾ ਨੱਕ ਚਾੜ੍ਹਨਾ ਕੀ ? ਜੇ ਆਪ ਵਿੱਚੋਂ 'ਖ਼ੁਦ.ਗਰਜ਼ੀ' ਅਹੰਕਾਰ ਨਹੀਂ ਗਿਆ ਤੇ ਆਪਣੀ ਰਾਇ ਤੇ ਖ਼ਿਆਲ ਦੇਵ ਬਾਣੀ ਦੇ ਤੁੱਲ ਯਾ ਉਸ ਥੀਂ ਵੀ ਉੱਚੇ ਲੱਗਦੇ ਹਨ, ਤਦ ਆਪਣੇ ਥੀਂ ਜ਼ਰਾ ਵੱਧ ਕਸੂਰ ਵਾਲਿਆਂ ਤੇ ਕਰੋਪਵਾਨਗੀ ਕੀ ? ਤੇ ਕਿਉਂ ?

ਜੇ 'ਗੁਰਮੁਖਤਾਈ' ਦੀ ਜਗਿਆਸਾ ਆਪਣੇ ਦਿਲ ਵਿਚ ਨਹੀਂ ਆਈ, ਤਦ ਆਪ ਥੀਂ ਵੱਧ ਹਨੇਰੇ ਵਿਚ ਪਏ ਭਰਾਵਾਂ ਉਪਰ ਇਹ ਸਰਦ ਮਿਹਰੀ ਕੀ ? ਜੇ ਰੁਪੈ-ਪੈਸੇ, ਜਾਇਦਾਦ ਵੰਡਣ ਦੇ ਝਗੜੇ ਸਾਡੀ ਸੁਰਤ ਨੂੰ ਨਾਮ ਗੁਰੂ ਸਚ ਥੀਂ ਛੁਡਾ ਰਹੇ ਹਨ, ਤਦ ''ਚੂੰ ਕੁਫ਼ਰ ਅਜ਼ ਕਾਅਬਾ

ਬਰਖੇਜ਼ਦ ਕੁਜਾ ਮਾਨਦ ਮੁਸਲਮਾਨੀ'' ਵਾਲੀ ਗੱਲ ਹੋ ਰਹੀ ਹੈ ਕਿ ਨਹੀਂ ? ਸਿੱਖੀ ਸਤਿਗੁਰ ਨੇ ਕਲਜੁਗ ਦੇ ਹਨੇਰੇ ਨੂੰ ਕੱਟਣ ਲਈ ਰਚੀ ਸੀ। ਸਾਡੇ ਅੰਦਰ ਇਲਾਹੀ ਪ੍ਰਕਾਸ਼ ਕਿੰਨਾ ਕੁ ਹੈ ਤੇ ਕਲਜੁਗ ਕਿੰਨਾ ਕੁ ਹੈ ? ਗੱਲਾਂ ਨਾਲ ਨਹੀਂ ਤਰਾਜ਼ੂ ਉਪਰ ਪਿੱਛੇ ਵਜ਼ਨ ਰੱਖ ਕੇ :

**ਜੇ ਦੁਨੀਆ ਵਿਚ ਦ੍ਵੈਤਾ ਹੈ,ਸਾਡੇ ਵਿਚ ਕਿੰਨੀ ਏਕਤਾ ਹੈ ?**
**ਜੇ ਦੁਨੀਆ ਵਿਚ ਖ਼ੁਦਗਰਜ਼ੀ ਹੈ,ਸਾਡੇ ਵਿਚ ਕਿੰਨੀ ਬੇਗਰਜ਼ੀ ਹੈ ?**
**ਜੇ ਦੁਨੀਆ ਵਿਚ ਨਫ਼ਰਤ ਵਸਦੀ ਹੈ,ਸਾਡੇ ਵਿਚ ਕਿੰਨਾ ਪਿਆਰ ਹੈ ?**
**ਜੇ ਦੁਨੀਆ ਨੂੰ ਵਾਹਿਗੁਰੂ ਦਾ ਭੈਅ ਨਹੀਂ,ਸਾਡੇ ਵਿਚ ਕਿੰਨਾ ਭੈਅ ਹੈ ?**
**ਜੇ ਦੁਨੀਆ ਮਨਮੁਖ ਹੈ,ਸਾਡੇ ਵਿਚ ਕਿੰਨੀ ਗੁਰਮੁਖਤਾ ਹੈ ?**
ਜੇ ਦੁਨੀਆ ਵਿਚ ਮਜ਼੍ਹਬਾਂ ਦੇ ਝਗੜੇ ਹਨ, ਤਦ ਸਾਡੇ ਵਿਚ ਕਿੰਨਾ ਕੁ ਨਰੋਲ ਪਿਆਰ ਹੈ?

ਕੀ ਅਸੀਂ ਗੁਰਬਾਣੀ ਨੂੰ ਅਮਲੀ ਜ਼ਿੰਦਗੀ ਥੀਂ ਚੁੱਕ ਕੇ ਵਾਦ-ਵਿਵਾਦ, ਅਕਲ ਤੇ ਮੁਲਕ ਵਿਚ ਤਾਂ ਨਹੀਂ ਸੁੱਟ ਰਹੇ ?

ਜੇ ਦੁਨੀਆ ਵਿਚ ਲੜਾਈ ਫ਼ਸਾਦ ਜ਼ਰ, ਜ਼ਨ, ਜ਼ਮੀਨ ਪਿੱਛੇ (ਕੀ ਸ਼ਖ਼ਸੀ ਤੇ ਕੌਮੀ) ਪਏ ਹੁੰਦੇ ਹਨ ਤਾਂ ਕੀ ਅਸੀਂ ਵੀ ਉਨ੍ਹਾਂ ਗੱਲਾਂ ਲਈ ਸਿੱਧੇ ਯਾ ਪੁੱਠੇ ਵੈਸੇ ਹੀ ਮਰ ਤਾਂ ਨਹੀਂ ਰਹੇ ?

ਇਉਂ ਆਪਣੇ ਗਲਵਾਣ ਵਿਚ ਕੰਘੀ ਮਾਰ ਕੇ ਰੋਜ਼ ਤੱਕੀਏ। ਅੱਜ ਥੀਂ ਸ਼ੁਰੂ ਕਰੀਏ ਤੇ ਸਦਾ ਅਰਦਾਸ ਵਿਚ ਰਹੀਏ। ''ਅਸੀਂ ਤੇਰੇ, ਤੇਰੇ'' ਦਾ ਜਪ ਕਰੀਏ ਤੇ ਸਾਈਂ ਸਾਨੂੰ ਇਸ ਘੋਰ ਕਲਜੁਗ, ਜਿਸਮਾਨੀ ਕਲਜੁਗ ਵਿਚ ਰਹਿ ਕੇ ਕਲਜੁਗ ਥੀਂ ਕੱਢ ਕੇ ਆਪਣੇ ਵੱਲ ਕਰ 'ਗੁਰਮੁਖਤਾ' ਬਖ਼ਸ਼ੇ; ਸਾਨੂੰ ਆਪਣਾ ਨਾਮ ਧਰੀਕ ਕਰ, ਸਾਨੂੰ ਬਖ਼ਸ਼ਿਆਂ ਵਿਚ ਰੱਖ, ਸਾਨੂੰ ਆਪਣੇ ਸਾਜੇ 'ਖ਼ਾਲਸੇ' ਵਿਚ ਥਾਂ ਦੇਵੇ; ਆਪਣੇ ਚਰਨਾਂ ਦੀ ਪ੍ਰੀਤੀ ਦੇ, ਸਿੱਖੀ ਕੇਮਾਂ ਸਵਾਸਾਂ ਸਾਥ ਦੇਵੇ। ''ਸੋਈ ਸਜਨ ਮੇਲ ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿਤ ਆਵੇ।'' ਸਾਈਂ ਵਾਲਿਓ ! ਗੁਰੂ ਵਾਲਿਓ ! ਦਸਵੇਂ ਪਾਤਿਸ਼ਾਹ ਨੇ ਸਾਡੀਆਂ ਬਾਹਰਮੁਖੀ ਬਨਾਵਟਾਂ ਨੂੰ ਆਪਣੀ ਤਲਵਾਰ ਨਾਲ ਕੱਟਿਆ ਹੈ; ਬਾਹਰਮੁਖੀ ਕੁਰਾਤੀ ਨੂੰ ਆਪਣੇ ਦਰਬਾਰ ਵਿਚ ਥਾਂ ਨਹੀਂ ਦਿੱਤੀ, ਤੇ ਫੋਕੇ ਜਪ ਨੂੰ ਤੇ ਤਪ ਨੂੰ ਆਪਣੇ ਕਬਿੱਤ ਵਿਚ ਨਿਹਫਲ ਦੱਸਿਆ ਹੈ ਤੇ ਹੁਕਮ ਕੀਤਾ ਹੈ:

**ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥**

ਤੇ ਆਪਣੇ ਕਬਿੱਤ ਵਿਚ ਫ਼ੁਰਮਾਂਦੇ ਹਨ:

**ਅੰਗਲਾ ਅਧੀਨ, ਕਾਮ ਕ੍ਰੋਧ ਮੈ ਪ੍ਰਬੀਨ,**
**ਓਕ ਗਿਆਨ ਕੇ ਬਿਹੀਨ, ਛੀਨ ਕੈਸੇ ਕੈ ਤਰਤ ਹੈ ॥੧॥੭੧॥...**
**ਕਾਮਨਾ ਅਧੀਨ, ਕਾਮ ਕ੍ਰੋਧ ਮੈ ਪ੍ਰਬੀਨ,**
**ਏਕ ਭਾਵਨਾ ਬਿਹੀਨ, ਕੈਸੇ ਭੇਟੈ ਪਰਲੋਕ ਸੌ ॥੧੦॥੮੦॥ (ਅਕਾਲ ਉਸਤਤ)**

**ਸੋ ਸੇਵਕੁ ਹਰਿ ਆਖੀਐ ਜੋ ਹਰਿ ਰਾਖੈ ਉਰਿ ਧਾਰਿ ॥**
**ਮਨੁ ਤਨੁ ਸਉਪੇ ਆਗੈ ਧਰੇ ਹਉਮੈ ਵਿਚਹੁ ਮਾਰਿ ॥ (ਸਿਰੀਰਾਗੁ ਮ: ੩, ਪੰਨਾ 28)**

**ਧੰਨਵਾਦਿ ਸਹਿਤ**
**ਖਾਲਸੇ ਦਾ ਆਦਰਸ਼ ਵਿਚੋਂ**

# ਪੰਜ ਮਹਾਬਲੀ

(ਹਰੀ ਸਿੰਘ "ਕੁਵੈਤ ਵਾਲੇ")

ਇਨ ਪੰਚਨ ਮੇਰੋ ਮਨੁ ਜੋ ਬਿਗਾਰਿਓ ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ । (ਅੰਗ: 710)

ਕਹਿੰਦੇ ਹਨ ਕਿ ਵੈਰੀ ਤਾਂ ਇਕੋ ਹੀ ਮਾਨ ਨਹੀਂ ਹੁੰਦਾ ਪਰ ਜਿਥੇ ਪੰਜ ਹੋਣ ਤੇ ਉਹ ਵੀ ਮਹਾਬਲੀ ਤਾਂ ਤੇ ਪ੍ਰਮਾਤਮਾ ਮਿਹਰ ਕਰੇ ਤਾਂ ਹੀ ਬਚਾਓ ਹੋ ਸਕਦਾ ਹੈ । ਪ੍ਰਮਾਤਮਾ ਨੇ ਇਕ ਨਹੀ, ਜੀਵ ਦੇ ਸ਼ਰੀਰ ਵਿਚ ਮੂਲ ਰੂਪ ਵਿਚ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਪੰਜ ਅਵਗੁਣ ਇੱਕਠੇ ਕੀਤੇ ਹਨ । ਇਹ ਪੰਜੇ ਮਨ ਦੀ ਔਲਾਦ ਹਨ ਤੇ ਬਹੁਤ ਭੈੜੇ ਹਨ । ਇਹ ਕਦੇ ਵੀ ਜੀਵ ਨੂੰ ਸੁਖ ਦੀ ਨੀਂਦ ਨਹੀਂ ਸੌਣ ਦਿੰਦੇ । ਹਰ ਸਮੇਂ ਕੋਈ ਨਾ ਕੋਈ ਮੁਸੀਬਤ ਖੜੀ ਹੀ ਰੱਖਦੇ ਹਨ । ਇਸ ਲਈ ਇਨ੍ਹਾਂ ਦੀ ਸਹੀ ਵਰਤੋਂ ਕਰਨੀ ਬਹੁਤ ਜ਼ਰੂਰੀ ਹੈ ਵਰਨਾ ਇਹ ਸਾਡੇ ਜੀਵਨ ਲਈ ਤੇ ਸੰਸਾਰ ਲਈ ਖਤਰਨਾਕ ਸਾਬਤ ਹੋ ਸਕਦੇ ਹਨ ।

ਇਹ ਠੀਕ ਹੈ ਕਿ ਇਹ ਭਾਵੇਂ ਪੰਜੇ ਵਿਕਾਰ ਰੋਗ ਹਨ ਪਰ ਇਹ ਹੋਣੇ ਵੀ ਚਾਹੀਦੇ ਹਨ ਕਿਉਂਕਿ ਇਹ ਅਰੋਗਤਾ ਦੀ ਨਿਸ਼ਾਨੀ ਹਨ । ਗੱਲ ਕੇਵਲ ਇਤਨੀ ਹੈ ਕਿ ਇਨ੍ਹਾਂ ਦੇ ਦਬਾਉ ਥੱਲੇ ਨਹੀਂ ਆਉਂਣਾ ਚਾਹੀਦਾ । ਇਹ ਸਾਡੇ ਕਾਬੂ ਵਿਚ ਰਹਿਣੇ ਚਾਹੀਦੇ ਹਨ ਨਾਂ ਕਿ ਇਹ ਸਾਡੇ ਉਪਰ ਕਾਬੂ ਪਾ ਲੈਣ । ਲੰਗਰ ਤਿਆਰ ਕਰਨ ਲਈ ਘਰ ਵਿਚ ਅੱਗ ਦੀ ਲੋੜ ਹੈ ਪਰ ਜੇਕਰ ਹੁਣ ਅੱਗ ਨਾਲ ਘਰ ਹੀ ਸੜ ਜਾਵੇ ਤਾਂ ਕੋਈ ਸਿਆਣਪ ਨਾਂ ਹੋਈ । ਇਸੇ ਤਰ੍ਹਾਂ ਇਕ ਡਾਕਟਰ ਪਾਸ ਹਰ ਪ੍ਰਕਾਰ ਦੀਆਂ ਦਵਾਈਆਂ ਹਨ ਜਿਨਾਂ ਵਿਚ ਅਮ੍ਰਿਤ ਵੀ ਹੈ ਤੇ ਜ਼ਹਿਰ ਵੀ ਹੈ । ਇਹ ਹੁਣ ਡਾਕਟਰ ਦੀ ਸਿਆਣਪ ਹੈ ਕਿ ਉਸ ਨੇ ਕਿਵੇਂ ਜ਼ਹਿਰ ਨੂੰ ਗੁਣਕਾਰੀ ਕਰਕੇ ਵਰਤੋਂ ਵਿਚ ਲਿਆਉਂਣਾ ਹੈ ।

ਇਸੇ ਤਰ੍ਹਾਂ ਅਸੀ ਵੀ ਇਨ੍ਹਾਂ ਪੰਜਾ ਦੀ ਠੀਕ ਢੰਗ ਨਾਲ ਵਰਤੋਂ ਕਰਨੀ ਹੈ । ਕਾਮ ਨੂੰ ਨਾਮ ਰਸ, ਕ੍ਰੋਧ ਨੂੰ ਕਰੁਣਾ, ਲੋਭ ਨੂੰ ਸੰਤੋਖ, ਮੋਹ ਨੂੰ ਪ੍ਰੇਮ ਅਤੇ ਹੰਕਾਰ ਨੂੰ ਨਿਮਰਤਾ ਵਿਚ ਬਦਲਨਾ ਹੈ ਤੱਦ ਹੀ ਸ਼ਾਂਤੀ ਨਸੀਬ ਹੋ ਸਕੇਗੀ ।

ਇਹ ਪੰਜੇ ਪਾਪ ਹਉਮੈਂ ਤੋਂ ਉਪਜਦੇ ਹਨ ਤੇ ਜਦ ਤਕ ਹਉਮੈਂ ਰਹੇਗੀ ਇਹ ਤੰਗ ਕਰਦੇ ਰਹਿਣਗੇ । ਜਿਉਂ ਜਿਉਂ ਹਉਮੈਂ ਘੱਟਦੀ ਜਾਵੇਗੀ ਤਿਉਂ ਤਿਉਂ ਇਨ੍ਹਾਂ ਦਾ ਨਾਸ ਹੁੰਦਾ ਜਾਵੇਗਾ । ਵੇਖਿਆ ਜਾਵੇ ਤਾਂ ਹਉਮੈਂ ਜੜ੍ਹ ਹੈ ਤੇ ਬਾਕੀ ਸਾਰੇ ਟਾਹਣੀਆਂ ਤੇ ਪੱਤੇ ਹਨ । ਇਸੇ ਲਈ ਸਾਡਾ ਸਾਰਾ ਜੋਰ ਹਉਮੈਂ ਨੂੰ ਮਾਰਨ ਉਪਰ ਹੋਣਾ ਚਾਹੀਦਾ ਹੈ ।

<u>ਕ੍ਰੋਧ ਪ੍ਰਧਾਨ ਮਹਾ ਬਡ ਦੁੰਦਰ</u>–ਆਦਮੀ ਦਾ ਆਕੀ ਮਨ ਰਾਜਾ ਜਿਸ ਕਿੱਲੇ ਵਿੱਚ ਰਹਿੰਦਾ ਹੈ, ਕ੍ਰੋਧ ਉਸਦਾ ਪ੍ਰਧਾਨ ਮੰਤਰੀ ਹੈ । ਇਹ ਕ੍ਰੋਧ ਬਹੁਤ ਸ਼ਕਤੀ ਸ਼ਾਲੀ ਤੇ ਲੜਾਕਾ ਹੈ । ਇਹ ਆਦਮੀ ਦਾ ਐਸਾ ਭੈੜਾ ਤੇ ਖਤਰਨਾਕ ਵੈਰੀ ਹੈ ਕਿ ਕਦੇ ਵੀ ਚੈਨ ਦੀ ਨੀਂਦ ਨਹੀਂ ਨਸੀਬ ਹੋਣ ਦਿੰਦਾ । ਸਦਾ ਕੋਈ ਨਾ ਕੋਈ ਮੁਸੀਬਤ ਖੜੀ ਹੀ ਰੱਖਦਾ ਹੈ । ਆਦਮੀ ਕ੍ਰੋਧ ਵਿੱਚ ਐਸਾ ਅੰਨਾ ਹੁੰਦਾ ਹੈ ਕਿ ਉਸਨੂੰ ਆਪਣਾ ਵਿਗੜਦਾ ਕੰਮ ਵੀ ਦਿਖਾਈ ਨਹੀਂ ਦਿੰਦਾ । ਜਦ ਕੋਈ ਲੋਭ ਤੇ ਹੰਕਾਰ ਦੀ ਪੂਰਤੀ ਵਿੱਚ ਰੁਕਾਵਟ ਪਾਉਂਦਾ ਹੈ ਤਾਂ ਉਸ ਉਪਰ ਇਹ ਕ੍ਰੋਧ ਹਮਲਾ ਕਰਦਾ ਹੈ । ਇਹ ਕ੍ਰੋਧ ਸਾਡੀ ਅਨੇਕਾਂ ਦਿਨਾਂ ਦੀ ਕੀਤੀ ਹੋਈ ਤੱਪਸਿਆ ਨੂੰ ਮਿੰਟਾਂ ਵਿੱਚ ਨਸ਼ਟ ਕਰ ਦਿੰਦਾ ਹੈ ।

ਕ੍ਰੋਧ ਤੇ ਕਰੁਣਾ ਦਾ ਫਰਕ ਸਮਝਣਾ ਜ਼ਰੂਰੀ ਹੈ ਕਿਉਂਕਿ ਇਹ ਦੋਵੇਂ ਇਕੋ ਹੀ ਸ਼ਕਤੀ ਦੇ ਦੋ ਨਾਮ ਹਨ । ਕ੍ਰੋਧ ਉਸੇ ਸ਼ਕਤੀ ਦੀ ਰੋਗ ਦੀ ਤੇ ਕਰੁਣਾ ਤੰਦਰੁਸਤੀ ਦੀ ਹਾਲਤ ਹੈ । ਜੇ ਅਸੀਂ ਕ੍ਰੋਧ ਆਉਣ ਤੇ ਕਾਬੂ ਰਖੀਏ ਤਾਂ ਇਹ ਸਾਰੀ ਸ਼ਕਤੀ ਅੰਦਰ ਇਕੱਠੀ ਹੋ ਕੇ ਕਰੁਣਾ ਬਣ ਸਕਦੀ ਹੈ । ਕਰੁਣਾ ਵਿੱਚ ਹੋਸ਼ ਕਾਇਮ ਰਹਿੰਦਾ ਹੈ ਤੇ ਜੋ ਵੀ ਹੋਸ਼ ਵਿੱਚ ਹੋਵੇਗਾ ਉਹ ਸਹੀ ਹੋਵੇਗਾ ।

ਜੇਕਰ ਅਸੀ ਥੋੜੀ ਸਾਵਧਾਨੀ ਨਾਲ ਜੀਵਨ ਬਤੀਤ ਕਰੀਏ ਤਾਂ ਹੋਲੀ ਹੋਲੀ ਸਾਡਾ ਕ੍ਰੋਧ ਘਟਦਾ ਜਾਵੇਗਾ । ਕੇਵਲ ਕੁਝ ਹੇਠ ਲਿਖਿਆਂ ਗੱਲਾਂ ਦਾ ਧਿਆਨ ਰੱਖਣ ਦੀ ਲੋੜ ਹੈ:–

(1) ਕ੍ਰੋਧ ਆਉਣ ਦਾ ਆਮ ਕਾਰਣ ਇਹ ਹੁੰਦਾ ਹੈ ਕਿ ਅਸੀਂ ਆਪਣੇ ਅੰਦਰ ਇੱਕ ਝੂਠਾ ਹੰਕਾਰ

ਬਣਾਈ ਰਖਦੇ ਹਾਂ ਕਿ ਸਾਡਾ ਸਾਰਿਆਂ ਵਿੱਚ ਬਹੁਤ ਇਜੱਤ ਤੇ ਸਤਿਕਾਰ ਹੈ ਤੇ ਅਸੀਂ ਦੂਸਰਿਆਂ ਨਾਲੋਂ ਖਾਸ ਆਦਮੀ ਹਾਂ । ਜਦ ਕਿਸੇ ਕਾਰਣ ਕਰਕੇ ਸਾਡੇ ਇਸ ਝੂਠੇ ਹੰਕਾਰ ਨੂੰ ਕਿਸੇ ਪ੍ਰਕਾਰ ਦੀ ਨਿਰਾਦਰੀ ਦੀ ਚੋਟ ਲੱਗਦੀ ਹੈ ਤਾਂ ਉਸ ਨੂੰ ਮਿਟਾਉਣ ਲਈ ਗੁੱਸਾ ਆਉਂਦਾ ਹੈ ਤੇ ਅਸੀਂ ਇੱਕ ਦਮ ਭੜਕ ਉਠੱਦੇ ਹਾਂ । ਵੇਖਿਆ ਜਾਵੇ ਤਾਂ ਇਹ ਸਾਡੀ ਬਹੁਤ ਵੱਡੀ ਕਮਜ਼ੋਰੀ ਹੈ ਕਿ ਸਾਡੀ ਆਪਣੀ ਕੋਈ ਗਹਿਰਾਈ ਨਹੀਂ । ਸਾਨੂੰ ਛੋਟੀ ਤੋਂ ਛੋਟੀ ਗੱਲ ਫਜ਼ੂਲ ਦੇ ਕ੍ਰੋਧ ਵਿੱਚ ਲੈ ਆਉਂਦੀ ਹੈ । ਸਾਨੂੰ ਇਸ ਹੰਕਾਰ ਤੋਂ ਬਚਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ।

(2) ਜੇ ਕਿਤੇ ਸਾਡਾ ਅਨਾਦਰ ਜਾਂ ਅਪਮਾਨ ਹੋਇਆ ਹੈ ਤਾਂ ਆਪਣੇ ਆਪ ਨੂੰ ਕਾਬੂ ਵਿੱਚ ਰੱਖੋ । ਉਸ ਨੂੰ ਆਪਣੇ ਧੀਰਜ ਤੇ ਹੌਸਲੇ ਦੀ ਪਰਖ ਸਮਝਣੀ ਚਾਹੀਦੀ ਹੈ । ਪਰ ਅਸੀਂ ਤਾਂ ਆਪਣਾ ਕ੍ਰੋਧ ਕੱਢਣ ਲਈ ਕੋਈ ਅਉਸਰ ਭਾਲਦੇ ਹਾਂ । ਜਿਵੇਂ ਅਸੀਂ ਆਪਣੀ ਕਿਸੇ ਭੈੜੀ ਆਦਤ ਤੋਂ ਬਚਣ ਦਾ ਯਤਨ ਕਰਦੇ ਹਾਂ ਇਸ ਤਰ੍ਹਾਂ ਕ੍ਰੋਧ ਨੂੰ ਧਿਆਨ ਵਿੱਚ ਰਖੋ ।

(3) ਜਿਵੇਂ ਹਨੇਰੇ ਨੂੰ ਦੂਰ ਕਰਨ ਦਾ ਕੋਈ ਸਿੱਧਾ ਉਪਾਏ ਨਹੀ, ਸਵਾਏ ਇਸ ਦੇ ਕਿ ਦੀਵਾ ਬਾਲ ਕੇ ਰੋਸ਼ਨੀ ਕਰ ਲਵੋ ਤੇ ਇਹ ਆਪਣੇ ਆਪ ਹੀ ਭੱਜ ਜਾਵੇਗਾ । ਇਸੇ ਤਰ੍ਹਾਂ ਕ੍ਰੋਧ ਨਾਲ ਵੀ ਸਿੱਧੀ ਲੜਾਈ ਨਹੀਂ ਕੀਤੀ ਜਾ ਸਕਦੀ । ਬਸ ਅਸੀਂ ਧੀਰਜ ਤੇ ਸ਼ਤੀ ਆਪਣੇ ਅੰਦਰ ਪੈਦਾ ਕਰਦੇ ਜਾਈਏ । ਜਿਨੇ ਅਸੀਂ ਧੀਰਜਵਾਨ ਤੇ ਸ਼ਾਂਤੀਮਈ ਹੁੰਦੇ ਜਾਵਾਂਗੇ ਕ੍ਰੋਧ ਦਿਨ ਪਰ ਦਿਨ ਘੱਟਦਾ ਜਾਵੇਗਾ । ਧੀਰਜ ਵੀ ਹੋਵੇ ਤਾਂ ਸੁਕਰਾਤ ਵਰਗਾ । ਸੁਕਰਾਤ ਨੇ ਆਪਣੀ ਪਤਨੀ ਨੂੰ, ਜੋ ਕਿ ਬਹੁਤ ਝਗੜਾਲੂ ਸੀ, ਆਪਣੇ ਗੁੱਸੇ ਦੀ ਪਰਖ ਲਈ ਪੈਮਾਨਾ ਬਣਾਇਆ ਹੋਇਆ ਸੀ । ਪਤਨੀ ਬਹੁਤ ਵਾਰ ਬਹੁਤ ਕੁਝ ਬੋਲ ਜਾਂਦੀ ਪਰ ਸੁਕਰਾਤ ਬਿਲਕੁਲ ਸ਼ਾਂਤ ਰਹਿੰਦੇ । ਇੱਕ ਦਿਨ ਤਾਂ ਹੱਦ ਹੀ ਹੋ ਗਈ । ਜਦ ਪਤਨੀ ਦੇ ਗਾਲਾਂ ਕੱਢਣ ਤੇ ਬੁਰਾ ਭਲਾ ਕਹਿਣ ਦੇ ਬਾਵਜੂਦ ਸੁਕਰਾਤ ਤੇ ਕੋਈ ਅਸਰ ਨਾ ਹੋਇਆ ਤਾਂ ਉਸ ਨੇ ਪਾਣੀ ਦੀ ਭਰੀ ਹੋਈ ਬਾਲਟੀ ਉਸ ਉੱਪਰ ਡੋਲ ਦਿੱਤੀ। ਪਰ ਸੁਕਰਾਤ ਫਿਰ ਵੀ ਗੁੱਸੇ ਵਿੱਚ ਨਾ ਆਏ ਤੇ ਕੇਵਲ ਏਨਾਂ ਹੀ ਬੋਲੇ "ਕਹਿੰਦੇ ਹਨ ਕਿ ਜੋ ਗਰਜਦੇ ਹਨ ਉਹ ਵਰਸਦੇ ਨਹੀਂ" ਪਰ ਅੱਜ ਇਹ ਮੁਹਾਵਰਾ ਗਲਤ ਸਾਬਤ ਹੋ ਗਿਆ ।

(4) ਜੇ ਕੋਈ ਗੁੱਸਾ ਆਉਣ ਉੱਪਰ ਸਾਨੂੰ ਕੋਈ ਟੋਕਣ ਵਾਲਾ ਹੋਵੇ ਤਾਂ ਇਹ ਡਾਂਟ ਗੁੱਸਾ ਘਟਾਉਣ ਲਈ ਕਾਫੀ ਸਹਾਇਕ ਹੋ ਸਕਦੀ ਹੈ । ਮੈਂ ਵੇਖਦਾ ਹਾਂ ਕਿ ਜਦ ਕਦੀ ਮੈਂ ਗੁੱਸੇ ਵਿੱਚ ਆਕੇ ਬੋਲਦਾ ਹਾਂ ਤਾਂ ਮੇਰੀ ਸਿੰਘਣੀ, ਭਾਵੇ ਬਹੁਤ ਵਾਰੀ ਗਲਤੀ ਉਸ ਦੀ ਹੀ ਹੁੰਦੀ ਹੈ, ਉਹ ਇੱਕ ਦਮ ਤਾਹਨਾ ਦਿੰਦੀ ਹੈ ਕਿ ਮੇਰਾ ਸਵੇਰੇ ਅੰਮ੍ਰਿਤ ਵੇਲੇ ਤੇ ਸ਼ਾਮੀ ਭਗਤੀ ਕਰਨ ਦਾ ਕੋਈ ਲਾਭ ਨਹੀਂ ਜੇ ਕਰ ਗੁੱਸੇ ਤੇ ਕਾਬੂ ਨਹੀਂ ਪਾ ਸਕਦੇ । ਸਚ ਜਾਨਣਾ ਉਸ ਵੇਲੇ ਬੜੀ ਸ਼ਰਮ ਆਉਂਦੀ ਹੈ । ਮੈਂ ਮਹਿਸੂਸ ਕਰਦਾ ਹਾਂ ਕਿ ਇਹ ਫਿਟਕਾਰ ਮੈਨੂੰ ਨਹੀ ਪਾਈ ਜਾ ਰਹੀ ਸਗੋਂ ਇੱਕ ਗੁਰੂ ਦੇ ਸਿੱਖ ਨੂੰ ਹੈ । ਸਵਾਲ ਇਹ ਨਹੀਂ ਕਿ ਗੁੱਸਾ ਆਉਣ ਦਾ ਕਾਰਣ ਜ਼ਾਇਜ਼ ਜਾਂ ਨਾਜ਼ਾਇਜ ਹੈ ਵੇਖਣਾ ਇਹ ਹੈ ਕਿ ਗੁੱਸਾ ਆਇਆ ਕਿਉਂ ਹੈ । ਇਸ ਪ੍ਰਕਾਰ ਮੈਂ ਦਿਨ ਪਰ ਦਿਨ ਬਹੁਤ ਸਾਵਧਾਨ ਰਹਿਣ ਦਾ ਯਤਨ ਕਰਦਾ ਹਾਂ ਪਰ ਇਹ ਫਿਰ ਵੀ ਗੁੱਸਾ ਐਸਾ ਭੈੜਾ ਸ਼ਤਰੂ ਹੈ ਕਿ ਮੁੜ ਮੁੜ ਕੇ ਹਮਲੇ ਕਰਦਾ ਹੀ ਰਹਿੰਦਾ ਹੈ । ਮੈਨੂੰ ਡਰ ਹੈ ਕਿ ਸੁਕਰਾਤ ਬਣੇ ਬਿਨਾ ਛੁਟਕਾਰਾ ਨਹੀਂ ਹੋਣਾ ਹੈ ।

(5) ਜਦੋਂ ਕ੍ਰੋਧ ਆਵੇ ਤਾਂ ਇਹ ਨਾ ਸੋਚੋ ਕਿ ਜਿਸ ਤੇ ਕ੍ਰੋਧ ਆ ਰਿਹਾ ਹੈ ਉਹ ਸਹੀ ਹੈ ਜਾਂ ਗਲਤ ਹੈ । ਬਸ ਜਿੱਥੇ ਤੱਕ ਹੋ ਸਕੇ ਅਸੀਂ ਆਪਣੇ ਆਪ ਤੇ ਕਾਬੂ ਰਖੀਏ । ਅਸੀਂ ਕੇਵਲ ਫੁਲ ਵਾਂਗੂੰ ਹੋ ਜਾਈਏ ਜਿਸ ਉਪਰ ਪਾਣੀ ਦੀ ਬੂੰਦ ਦਾ ਕੋਈ ਅਸਰ ਨਹੀਂ ਹੁੰਦਾ ।

(6) ਕ੍ਰੋਧ ਸਮੇਂ ਖਿਆਲ ਕਰੋ ਕਿ ਜਿਸ ਨੇ ਸਾਡਾ ਅਪਮਾਨ ਕੀਤਾ ਹੈ ਕਿਤੇ ਉਹ ਸੱਚਾ ਹੀ ਨਾ ਹੋਵੇ । ਜੇ ਉਸ ਦੀ ਗੱਲ ਸਹੀ ਹੈ ਤਾਂ ਤੇ ਕ੍ਰੋਧ ਕਰਨ ਦੀ ਕੋਈ ਗੁੰਜਾਇਸ਼ ਹੀ ਨਹੀਂ ਸੀ । ਸਾਨੂੰ ਸਗੋਂ ਉਸਦਾ ਧੰਨਵਾਦ ਕਰਨਾ ਚਾਹੀਦਾ ਸੀ ਕਿ ਉਸ ਨੇ ਸਾਡੀ ਕਿਸੇ ਕਮਜ਼ੋਰੀ ਵਲ ਧਿਆਨ ਦਿਵਾਇਆ ।

ਉਹ ਤਾਂ ਸਾਡਾ ਅਸਲੀ ਮਿੱਤਰ ਤੇ ਹਮਦਰਦ ਹੋਇਆ । ਜੇਕਰ ਅਪਮਾਨ ਕਰਨ ਵਾਲਾ ਝੂਠਾ ਵੀ ਹੈ ਤਾਂ ਵੀ ਹੋ ਸਕਦਾ ਹੈ ਸ਼ਾਇਦ ਉਹ ਗਲਤਫਹਮੀ ਕਾਰਣ ਐਸਾ ਬੋਲ ਗਿਆ ਹੋਵੇ । ਉਸ ਤੇ ਕ੍ਰੋਧ ਆਉਣ ਦੀ ਵਜਾਏ ਰਹਿਮ ਆਉਣਾ ਚਾਹੀਦਾ ਸੀ ਕਿ ਵਿਚਾਰਾ ਐਵੇਂ ਖੁਆਰ ਹੁੰਦਾ ਰਿਹਾ । ਉਸ ਨੂੰ ਮਾਫ ਕਰੋ ਤੇ ਪ੍ਰਮਾਤਮਾ ਅੱਗੇ ਅਰਦਾਸ ਕਰੋ ਕਿ ਉਸ ਨੂੰ ਸੁਮਤਿ ਬਖਸੇ ।

(7) ਕਿਸੇ ਨੇ ਸਾਡਾ ਅਪਮਾਨ ਕੀਤਾ ਤਾਂ ਅਸੀ ਗੁੱਸੇ ਵਿੱਚ ਆ ਗਏ ਪਰ ਅਸੀਂ ਇਹ ਕਦੇ ਵੀ ਮੰਨਣ ਲਈ ਤਿਆਰ ਨਹੀਂ ਕਿ ਅਸੀਂ ਕ੍ਰੋਧੀ ਹਾਂ । ਅਸੀਂ ਕੋਈ ਨਾ ਕੋਈ ਬਹਾਨਾ ਬਣਾਕੇ ਕ੍ਰੋਧ ਆਉਣ ਦਾ ਕਾਰਣ ਦੂਸਰੇ ਉੱਪਰ ਸੁੱਟਦੇ ਹਾਂ ਕਿ ਉਸ ਨੇ ਐਸਾ ਕਰਨ ਲਈ ਮਜ਼ਬੂਰ ਕੀਤਾ ਜਾਂ ਹਾਲਾਤ ਐਸੇ ਸਨ ਕਿ ਕ੍ਰੋਧ ਕਰਨਾ ਪਇਆ । ਇਹ ਦਲੀਲ ਬਿਲਕੁਲ ਗਲਤ ਹੈ । ਸੱਚ ਤਾਂ ਇਹ ਹੈ ਜੇ ਸਾਡੇ ਅੰਦਰ ਕ੍ਰੋਧ ਨਾ ਹੁੰਦਾ ਤਾਂ ਆਪਣਾ ਅਪਮਾਨ ਹੁੰਦਾ ਵੇਖਦੇ ਵੀ ਅਸੀ ਮਸਤ ਰਹਿੰਦੇ । ਦਰਅਸਲ ਜਿਵੇਂ ਮਾਚਸ ਦੀ ਤੀਲੀ ਵਿੱਚ ਅੱਗ ਹੈ ਤਿੱਵੇਂ ਸਾਡੇ ਅੰਦਰ ਵੀ ਕ੍ਰੋਧ ਦੀ ਅੱਗ ਛੁਪੀ ਪਈ ਹੈ । ਬਸ ਜ਼ਰਾ ਰਗੜ ਲੱਗਣ ਦੀ ਦੇਰ ਹੈ ਕਿ ਭਾਂਬੜ ਮਚ ਜਾਵੇਗਾ । ਆਪਣੀ ਇਸ ਭੁਲ ਨੂੰ ਮਹਿਸੂਸ ਕਰੋ ਤੇ ਦੂਸਰੇ ਨੂੰ ਦੋਸ਼ ਦੇਣ ਦੀ ਬਜਾਏ ਖੁਦ ਆਪਣੇ ਸਿਰ ਇਹ ਜ਼ੁੰਮੇਵਾਰੀ ਲਵੋ । ਤੱਦ ਹੀ ਇਸ ਸ਼ਤਰੂ ਤੇ ਕਾਬੂ ਪਾ ਸਕੋਗੇ ।

(8) ਜਦ ਹਾਲਾਤ ਐਸੇ ਨਜ਼ਰ ਆਉਂਦੇ ਹੋਣ ਕਿ ਅਸੀ ਕ੍ਰੋਧ ਵਿੱਚ ਆ ਸਕਦੇ ਹਾਂ ਤਾਂ ਉਸ ਥਾਂ ਤੋਂ ਦੂਰ ਚਲੇ ਜਾਵੋ । ਪਰ ਜੇ ਕਿਸੇ ਕਾਰਣ ਨਹੀਂ ਜਾ ਸਕਦੇ ਤਾਂ ਜਰਾ ਸਾਵਧਾਨ ਹੋ ਜਾਵੋ । ਆਪਣੀ ਮੁਠੀ ਤਿੰਨ ਚਾਰ ਵਾਰੀ ਬੰਦ ਕਰੋ ਤੇ ਖੋਲੋ ਜਾਂ ਤਿੰਨ ਚਾਰ ਲੰਬੇ ਲੰਬੇ ਸਾਹ ਲਵੋ ਤੇ ਆਪਣੇ ਕ੍ਰੋਧ ਨੂੰ ਵੇਖਣ ਦੀ ਕੋਸ਼ਿਸ਼ ਕਰੋ । ਨਾਲੇ ਇਹ ਭੀ ਮਹਿਸੂਸ ਕਰੋ ਕਿ ਜਿਹੜੀ ਸ਼ਕਤੀ ਕ੍ਰੋਧ ਦਾ ਕਾਰਣ ਬਣ ਰਹੀ ਸੀ ਉਹ ਸਾਂਤ ਹੋ ਰਹੀ ਹੈ ।

(9) ਯਾਦ ਰਖੋ ਕਿ ਜਿਸ ਤੇ ਸਾਨੂੰ ਕ੍ਰੋਧ ਆ ਰਿਹਾ ਹੈ ਉਸ ਕ੍ਰੋਧ ਨਾਲ ਉਸਦਾ ਤਾਂ ਕੋਈ ਨੁਕਸਾਨ ਨਹੀਂ ਹੋਣਾ ਪਰ ਅਸੀਂ ਆਪਣਾ ਜ਼ਰੂਰ ਸਤਿਆਨਾਸ਼ ਕਰ ਲਵਾਂਗੇ । ਕਦੇ ਦੂਸਰੇ ਨੂੰ ਕ੍ਰੋਧ ਵਿੱਚ ਵੇਖੋ ਕਿ ਉਹ ਕੀ ਕੀ ਹਰਕਤਾਂ ਕਰਦਾ ਹੈ ਤੇ ਖਿਆਲ ਕਰੋ ਕਿ ਸਾਡੀ ਵੀ ਉਸ ਸਮੇਂ ਉਹੋ ਹਾਲਤ ਹੁੰਦੀ ਹੋਵੇਗੀ ।

(10) ਕ੍ਰੋਧ ਦਬਾਉਣ ਨਾਲ ਨਹੀਂ ਦਬਾਇਆ ਜਾ ਸਕਦਾ । ਬਸ ਕ੍ਰੋਧ ਨੂੰ ਦੇਖਣ ਅਤੇ ਜਾਨਣ ਦੀ ਕੋਸ਼ਿਸ਼ ਕਰੋ । ਕ੍ਰੋਧ ਆਉਣ ਸਮੇਂ ਜਾਗ ਕੇ ਵੇਖਣਾ ਕਿ ਹੁਣ ਇਹ ਭੜਕਨ ਵਾਲਾ ਹੈ ਤੇ ਇਸ ਦਾ ਧੂੰਆਂ ਉੱਠ ਰਿਹਾ ਹੈ । ਇੱਕ ਨਵਾਂ ਅਨੁਭਵ ਵੇਖੋਗੇ ਤੇ ਮਹਿਸੂਸ ਕਰਦਿਆਂ ਹੀ ਇਹ ਗੁੱਸਾ ਅਲੋਪ ਹੋ ਜਾਵੇਗਾ । ਜਾਗ ਕੇ ਅਸੀ ਕਦੇ ਵੀ ਕ੍ਰੋਧ ਵਿੱਚ ਨਹੀਂ ਆ ਸਕਦੇ ।

(11) ਜਦ ਕ੍ਰੋਧ ਆਉਂਣ ਲੱਗੇ ਤਾਂ ਆਪਣੇ ਮਨ ਵਿੱਚ ਬਾਰ ਬਾਰ ਦੌਰਾਓ "ਆਦਿ ਸਚ ਜੁਗਾਦਿ ਸਚ ਹੈ ਭੀ ਸਚ ਨਾਨਕ ਹੋਸੀ ਭੀ ਸਚੁ" । ਖਿਆਲ ਕਰੋ ਕਿ ਇਹ ਜੋ ਕ੍ਰੋਧ ਹੈ ਕੋਈ ਸਦੀਵੀਂ ਰਹਿਣ ਵਾਲਾ ਨਹੀਂ ਹੈ । ਇੱਕ ਸੁਪਨੇ ਵਾਂਗੂ ਹੈ । ਹੁਣੇ ਨਹੀਂ ਸੀ, ਹੁਣੇ ਆਇਆ ਹੈ ਤੇ ਹੁਣੇ ਹੀ ਜ਼ਰੂਰ ਚਲਾ ਜਾਵੇਗਾ । ਇਸ ਲਈ ਇਸ ਵਿੱਚ ਐਵੇਂ ਖਚਤ ਹੋਣ ਦੀ ਲੋੜ ਨਹੀਂ ।

(12) ਸਾਡੇ ਦੰਦਾ ਵਿੱਚ ਵੀ ਪਸ਼ੂਆਂ ਵਾਂਗੂੰ ਹਿੰਸਾ ਕਰਨ ਦੀ ਰੁਚੀ ਤੇ ਸ਼ਕਤੀ ਹੈ ਪਰ ਸਾਡੇ ਭੋਜਨ ਵਿਕਸਿਤ ਹੋਣ ਕਾਰਣ ਸਾਡੀ ਇਹ ਖਾਹਸ਼ ਘੱਟ ਪੂਰੀ ਹੁੰਦੀ ਹੈ । ਫਿਰ ਇਹ ਹਿੰਸਾ ਸਾਡੇ ਸ਼ਰੀਰ ਵਿੱਚ ਕ੍ਰੋਧ ਰਾਹੀਂ ਪ੍ਰਗਟ ਹੁੰਦੀ ਹੈ । ਜੇਕਰ ਅਸੀਂ ਭੋਜਨ ਨੂੰ ਖੂਬ ਚਬਾ ਕੇ ਪਾਣੀ ਵਰਗਾ ਬਣਾ ਕੇ ਅੰਦਰ ਕਰੀਏ ਤਾਂ ਇਸ ਰੁਚੀ ਦੀ ਕੁਝ ਪੂਰਤੀ ਹੋਵੇਗੀ, ਤੇ ਕ੍ਰੋਧ ਘੱਟ ਹੋਵੇਗਾ । ਇਸੇ ਤਰ੍ਹਾਂ ਹਰ ਰੋਜ ਮਹਿਸੂਸ ਕਰਦੇ ਜਾਵੋ ਤੇ ਕੁਝ ਦਿਨਾ ਦੇ ਲਗਾਤਾਰ ਅਭਿਆਸ ਬਾਅਦ ਸਫਲਤਾ ਪ੍ਰਾਪਤ ਹੋਈ ਹੈ ।

## ਅਪ੍ਰੈਲ 2016 ਮਹੀਨੇ ਦੇ ਸਮਾਗਮ

### ਨਾਨਕਸ਼ਾਹੀ ਜੰਤਰੀ ਅਨੁਸਾਰ ਵੈਸਾਖਿ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ:-

ਮਿਤੀ 13-04-2016 ਦਿਨ ਬੁੱਧਵਾਰ ਨੂੰ ਸ਼ਾਮ 6.00 ਤੋਂ 9.00 ਤੱਕ **'ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹ ।।'** ਦੇ ਵਿਸ਼ੇ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ ਵਿਖੇ ਅਯੋਜਿਤ ਕੀਤਾ ਜਾਵੇਗਾ ।ਉਪ੍ਰੰਤ ਗੁਰੂ ਕੇ ਲੰਗਰ ਅਤੁੱਟ ਵਰਤਣਗੇ ।

# ਰਾਗ ਗੂਜਰੀ

ਪ੍ਰੋ. ਜਸਵਿੰਦਰ ਸਿੰਘ
98141-85854

ਰਾਗ –ਗੂਜਰੀ ਥਾਟ ਤੋੜੀ ਜਾਂ ਟੋਡੀ
ਸੁਰ– ਰਿਸ਼ਭ ਗੰਧਾਰ ਧੈਵਤ ਕੋਮਲ ਤੇ ਮਧਿਅਮ ਤੀਵਰ ਵਰਜਿਤ ਸੁਰ – ਪੰਚਮ
ਜਾਤੀ – ਸ਼ਾੜਵ ਸ਼ਾੜਵ ਵਾਦੀ ਧੈਵਤ ਸੰਵਾਦੀ ਰਿਸ਼ਭ
ਸਮਾਂ – ਦਿਨ ਦਾ ਦੂਜਾ ਪਹਿਰ ।
ਆਰੋਹ – ਸ ਰੁੇ ਗੁ, ਮੇ ਧੁ ਨੀ ਸਂ ।
ਅਵਰੋਹ – ਸਂ ਨੀ ਧੁ, ਮੇ ਗੁ, ਰੁੇ ਗੁ ਰੁੇ, ਸ ।
ਪਕੜ – ਗੁ ਮੇ ਧੁ ਨੀ ਧੁ, ਮੇ ਧੁ ਮੇ ਗੁ, ਰੁੇ, ਗੁ ਰੁੇ ਸ ।

## ਰਾਗ ਗੂਜਰੀ–ਤਿੰਨਤਾਲ ਮੱਧ ਲੈਅ

| ਤਾਲ ਚਿੰਨ੍ਹ | 1<br>X | 2 | 3 | 4 | 5<br>2 | 6 | 7 | 8 | 9<br>0 | 10 | 11 | 12 | 13<br>3 | 14 | 15 | 16 |
|---|---|---|---|---|---|---|---|---|---|---|---|---|---|---|---|---|
| | | | | | | | | | | ਰੁੇਗੁ<br>ਗੁਜ | ਰੁੇ<br>ਰੀ | ਸ<br>ऽ | .ਧੁ<br>ਜਾ | -<br>ऽ | .ਨੀ<br>ਤਿ | ਸ<br>ਗ |
| | ਗੁਰੁੇ<br>ਵਾऽ | ਸਰੁੇ<br>ऽऽ | ਮੇਗੁ<br>ऽऽ | ਰੁੇਗੁ<br>ऽऽ | ਮੇਮੇ<br>ऽऽ | ਗੁਮੇ<br>ऽऽ | ਰੁੇਗੁ<br>ਰਿऽ | ਰੁੇਸ<br>ऽऽ | -<br>ऽ | ਸਰੁੇ<br>ਜਾऽ | ਗੁ<br>ਸ | ਮੇ<br>ਹੁ | ਧੁ<br>ਪਾ | -<br>ऽ | ਧੁਮੇ<br>ਏऽ | ਗੁ<br>ऽ |
| | -<br>ऽ | ਗੁਮੇ<br>ਆऽ | ਧੁ<br>ऽ | ਮੇਗੁ<br>ਪऽ | ਰੁੇ<br>ਣਾ | ਗੁ<br>ऽ | ਰੁੇ<br>ऽ | ਸ<br>ऽ | | | | | | | | |
| | | | | | | | | | | ਮੇਮੇ<br>ਗੁਰ | ਧੁ<br>ਕੈ | -<br>ऽ | -<br>ऽ | ਧੁਨੀ<br>ਸਬ | ਮੇ<br>ਦਿ | ਧੁ<br>ਵੀ |
| | ਧੁਨੀ<br>ਚਾऽ | ਸਂ<br>ऽ | ਸਂ<br>ऽ | ਸ<br>ऽ | ਨੀ<br>ऽ | ਰੁੇਂ<br>ऽ | ਸਂ<br>ਰਿ | -<br>ऽ | -<br>ऽ | ਧੁਨੀ<br>ਅਨ | ਸਂ<br>ਦਿ | ਗੁਂ<br>ਨੁ | ਰੁੇਂ<br>ਹ | ਗੁਂ<br>ਰਿ | ਰੁੇਂ<br>ਜ | ਸਂ<br>ਪੁ |
| | ਧੁਨੀ<br>ਜਾऽ | ਸਂਨੀ<br>ऽऽ | ਧੁਨੀ<br>ऽऽ | ਧੁਮੇ<br>ਪऽ | ਗੁਮੇ<br>ਣਾऽ | ਧੁਮੇ<br>ऽऽ | ਗੁਰੁੇ<br>ऽऽ | ਸ<br>ऽ | ਸ<br>ऽ | | | | | | | |

ਸਲੋਕੁ ਮਃ ੩
ਗੂਜਰੀ ਜਾਤਿ ਗਵਾਰਿ ਜਾ ਸਹੁ ਪਾਏ ਆਪਣਾ ॥ ਗੁਰ ਕੈ ਸਬਦਿ ਵੀਚਾਰਿ ਅਨਦਿਨੁ ਹਰਿ ਜਪੁ ਜਾਪਣਾ ॥
ਜਿਸੁ ਸਤਿਗੁਰੁ ਮਿਲੈ ਤਿਸੁ ਭਉ ਪਵੈ ਸਾ ਕੁਲਵੰਤੀ ਨਾਰਿ ॥ ਸਾ ਹੁਕਮੁ ਪਛਾਣੈ ਕੰਤ ਕਾ ਜਿਸ ਨੋ ਕ੍ਰਿਪਾ ਕੀਤੀ ਕਰਤਾਰਿ ॥
ਓਹ ਕੁਚਜੀ ਕੁਲਖਣੀ ਪਰਹਰਿ ਛੋਡੀ ਭਤਾਰਿ ॥ ਭੈ ਪਇਐ ਮਲੁ ਕਟੀਐ ਨਿਰਮਲ ਹੋਵੈ ਸਰੀਰੁ ॥
ਅੰਤਰਿ ਪਰਗਾਸੁ ਮਤਿ ਊਤਮ ਹੋਵੈ ਹਰਿ ਜਪਿ ਗੁਣੀ ਗਹੀਰੁ॥ ਭੈ ਵਿਚਿ ਬੈਸੈ ਭੈ ਰਹੈ ਭੈ ਵਿਚਿ ਕਮਾਵੈ ਕਾਰ॥
ਐਥੈ ਸੁਖੁ ਵਡਿਆਈਆ ਦਰਗਹ ਮੋਖ ਦੁਆਰ ॥ ਭੈ ਤੇ ਨਿਰਭਉ ਪਾਈਐ ਮਿਲਿ ਜੋਤੀ ਜੋਤਿ ਅਪਾਰ ॥
ਨਾਨਕ ਖਸਮੈ ਭਾਵੈ ਸਾ ਭਲੀ ਜਿਸ ਨੋ ਆਪੇ ਬਖਸੇ ਕਰਤਾਰੁ ॥੧॥

# ਗਤੀਵਿਧੀਆਂ

## ਨਾਨਕਸ਼ਾਹੀ ਜੰਤਰੀ ਅਨੁਸਾਰ ਚੇਤ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ:-

ਨਾਨਕਸ਼ਾਹੀ ਜੰਤਰੀ ਅਨੁਸਾਰ ਪਹਿਲੀ ਤਰੀਕ ਦਾ ਸਮਾਗਮ ਮਿਤੀ 14-3-2016 ਦਿਨ ਸੋਮਵਾਰ ਨੂੰ ਸ਼ਾਮ 6.00 ਤੋਂ 9.00 ਵਜੇ ਤੱਕ **"ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ"**।।ਦੇ ਵਿਸ਼ੇ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ ਵਿਖੇ ਆਯੋਜਿਤ ਕੀਤਾ ਗਿਆ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟਿਚਿਊਟ ਦੇ ਵਿਦਿਆਰਥੀਆਂ ਨੇ ਕੀਰਤਨ ਕਥਾ ਰਾਹੀਂ ਸੇਵਾ ਨਿਭਾਈ। ।ਉਪ੍ਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ।

## 1. ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.) ਚੰਡੀਗੜ੍ਹ ਦੀ ਜਨਰਲ ਇਕਤ੍ਰਤਾ



ਇਕਤ੍ਰਤਾ ਦੀ ਅਰੰਭਤਾ ਤੇ ਸ਼ਬਦ ਗਾਇਨ ਕਰਦੇ ਹੋਏ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟੀਚਿਊਟ ਦੇ ਵਿਦਿਆਰਥੀ

ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.) ਚੰਡੀਗੜ੍ਹ ਦੀ ਜਨਰਲ ਇਕਤ੍ਰਤਾ ਐਤਵਾਰ ਮਿਤੀ 06-03-2016 ਨੂੰ ਸਵੇਰੇ 10.30 ਵਜੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ, ਸੈਕਟਰ 34, ਚੰਡੀਗੜ੍ਹ ਵਿਖੇ ਹੋਈ ਹੈ। ਜਿਸ ਵਿੱਚ ਸੋਸਾਇਟੀ ਦੇ ਸਾਲ 2015-2016 (31-01-2016) ਤੱਕ ਦੇ ਆਮਦਨ ਖਰਚ ਦੇ ਹਿਸਾਬ ਕਿਤਾਬ ਦਾ ਵੇਰਵਾ ਅਤੇ ਗਤੀਵਿਧੀਆਂ ਦੀ ਸਾਲਾਨਾ ਰਿਪੋਰਟ ਦਾ ਵੇਰਵਾ ਤੇ ਉਸਦੀ ਪ੍ਰਵਾਨਗੀ ਲਈ ਗਈ।ਸਾਲ 2016-2017 ਵਿਚ ਕੀਤੀਆਂ ਜਾਣ ਵਾਲੀਆਂ ਸਰਗਰਮੀਆਂ ਦੀ ਯੋਜਨਾ ਦੀ ਪ੍ਰਵਾਨਗੀ, ਹੋਣ ਵਾਲੇ ਖਰਚਿਆਂ ਦੇ ਬਜਟ ਦੀ ਪ੍ਰਵਾਨਗੀ ਵੀ ਲਈ ਗਈ।



ਸਲਾਨਾ ਗਤੀਵਿਧੀਆਂ ਦੀ ਰਿਪੋਰਟ ਦਾ ਵੇਰਵਾ ਦਿੰਦੇ ਹੋਏ ਸ. ਡੀ.ਪੀ. ਸਿੰਘ



ਟ੍ਰੇਨਿੰਗ ਇੰਨਸੀਚਿਊਟ ਦੀ ਰਿਪੋਰਟ ਦਾ ਵੇਰਵਾ ਦਿੰਦੇ ਹੋਏ ਡਾ. ਕੰਵਲਜੀਤ ਸਿੰਘ



ਮੈਡੀਕਲ ਸੈਂਟਰ ਦੀ ਰਿਪੋਰਟ ਦਾ ਵੇਰਵਾ ਦਿੰਦੇ ਹੋਏ ਸ. ਬਲਵਿੰਦਰ ਸਿੰਘ ਸਾਗਰ



ਸਲਾਨਾ ਬਜਟ ਪੇਸ਼ ਕਰਦੇ ਹੋਏ ਪ੍ਰਿੰ. ਨਰਿੰਦਰ ਬੀਰ ਸਿੰਘ




**ਸੋਸਾਇਟੀ ਦੇ ਮੁੱਖ ਸੇਵਾਦਾਰ ਸ. ਡੀ.ਪੀ. ਸਿੰਘ ਪਦ ਤਿਆਗਣ ਤੋਂ ਬਾਅਦ ਸਨਮਾਨ ਪ੍ਰਾਪਤ ਕਰਦੇ ਹੋਏ**

## 1. ਸੋਸਾਇਟੀ ਦੇ ਨਵੇ ਮੁੱਖ ਸੇਵਾਦਾਰ ਦੀ ਚੋਣ

ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.) ਚੰਡੀਗੜ੍ਹ ਦੀ ਜਨਰਲ ਇਕਤ੍ਰਤਾ ਐਤਵਾਰ ਮਿਤੀ 06-03-2016 ਨੂੰ ਸਵੇਰੇ 10.30 ਵਜੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ, ਸੈਕਟਰ 34, ਚੰਡੀਗੜ੍ਹ ਵਿਖੇ ਹੋਈ ਹੈ ।ਜਿਸ ਵਿੱਚ ਸੋਸਾਇਟੀ ਦੇ ਨਵੇ ਮੁੱਖ ਸੇਵਾਦਾਰ ਦੀ ਚੋਣ ਹੋਈ ।ਡਾ.ਕੰਵਲਜੀਤ ਸਿੰਘ ਸਲੂਜਾ ਜੀ ਨੂੰ ਸੋਸਾਇਟੀ ਦੇ ਨਵੇ ਮੁੱਖ ਸੇਵਾਦਾਰ ਦੀ ਸੇਵਾ ਲਈ ਚੁਣਿਆ ਗਿਆ ।











**ਜਨਰਲ ਇੱਕਤ੍ਰਤਾ ਵਿੱਚ ਜੁੜ ਬੈਠੇ ਸੋਸਾਇਟੀ ਦੇ ਮੈਂਬਰ**

## 2. ਡਾਕਟਰ ਦਰਸ਼ਨ ਜੋਤ ਕੌਰ ਜੀ ਦੀ ਨਵੀ ਕਿਤਾਬ 'ਸੁਣ ਸਖੀਏ ਸਹੇਲੜੀਏ' ਰਲੀਜ਼:-

ਡਾਕਟਰ ਦਰਸ਼ਨ ਜੋਤ ਕੌਰ ਜੀ ਦੀ ਨਵੀ ਕਿਤਾਬ 'ਸੁਣ ਸਖੀਏ ਸਹੇਲੜੀਏ ' ਮਿਤੀ 06-03-2016 ਐਤਵਾਰ ਨੂੰ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ, ਸੈਕਟਰ 34, ਚੰਡੀਗੜ੍ਹ ਵਿਖੇ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਦੀ ਵਿਸ਼ੇਸ਼ ਜਨਰਲ ਇਕਤ੍ਰਤਾ ਵਿੱਚ ਰਲੀਜ਼ ਕੀਤੀ ਗਈ।



## ਧੰਨਵਾਦਿ : ਮਾਰਚ 2016 ਵਿਚ ਪ੍ਰਾਪਤ ਸਹਾਇਤਾ ਦਾ ਵੇਰਵਾ:-

| | | |
|---|---|---|
| 1. | S. D.P Singh #393/Phase 9/Mohali | 12,600/- |
| 2. | Sewak Charitable Trust(Regd.) | 2,00,000/- |
| 3. | Air Marchal K.S. Bhatia (Retd.) # 2433/Phase X/Mohali | 2,000/- |
| 4. | Bibi Prakash Kaur #110/Ph3BI/Mohali | 5,000/- |
| 5. | S. Deep Singh #2978/Phase 7/Mohali | 2,000/- |
| 6. | S. Sarbjit Singh #110/Ph-3BI/Mohali | 10,000/- |
| 7. | S. Gursarn Singh Kapoor, N.Delhi | 10,000/- |
| 8. | S. Preetinder Singh Bibi Harpreet Kaur #461/Sec 44A/Chd | 15,000/ |
| 9. | S. Harsharnpal Singh & Bibi Gurdeep Kaur #461/Sec 44A/Chd | 15,000/- |
| 10. | S. Kuldip Singh/K.No. 1541/Sec. 69 | 30,000/- |
| 11. | S. Narinder Bir Singh #1444/34C/Chd | 17,000/- |
| 12. | Bibi Surjit Kaur #1444/Sec 34C/Chd | 17,000/- |
| 13. | S. Harjinder Singh Sachdeva/# 320/46A | 15,000/- |
| 14. | S. Tarunpal Singh #2506/Ph7/Mohali | 10,000/- |
| 15. | S. Joginder Singh #222/Sec 45A/Chd | 500/- |
| 16. | Bibi Satwant Kaur #1848/Ph-V/Mohali | 1,000/- |
| 17. | Bibi Harsharan Kaur Sethi#1440/34C/Chd | 3,000/ |
| 18. | Dr. Jasleen Kaur #1999/Phase - X/Mohali | 1,100/- |
| 19. | Bibi Daljit Kaur #1600/Sec. 34D/Chd | 25,000/- |
| 20. | S. Inderpal Singh #782/Sec. -43A/Chd | 1,500/- |
| 21. | S. Dhanwant Singh #447/Phase 4/Mohali | 2,600/- |
| 22. | Bibi Manjit Kaur Sabharwal #1385/34C | 1,000/- |
| 23. | Bibi Harbans Kaur #1443/Sec.- 34C/Chd | 11,00/- |
| 24. | Bibi Manjit Kaur Bedi #1368/Sec.- 34C | 1,000/- |
| 25. | S. Gurdip Singh #119/Phase 6/Mohali | 5,000/- |
| 26. | Bibi Jasjit Kaur #207/Sec.- 33A/Chd | 1,100/- |
| 27. | S. Inderjeet Singh #3525/Sec. -38D/Chd | 2,100/- |
| 28. | S. Nirmal Singh # 596, Sector-8A, Chd | 5,000/ |
| 29. | G.S. Makin # 1585, Sector-34D | 5,000/ |
| 30. | S. Jaspreet Singh/ Khanna | 10,000/- |
| 31. | S. Tanveer Singh/ Khanna | 10,000/- |
| 32. | Bibi Chanpreet Kaur/Khanna | 10,000/ |
| 33. | Bibi Anupreet Kaur/Khanna | 10,000/ |
| 34. | Bibi Arshpreet Kaur/Khanna | 10,000/ |
| 35. | S. Sunder Singh # 1230, Sector-42B | 1,100/ |
| 36. | M.S. Sudan # 1286, Sector-33C, Chd | 1,000/ |
| 37. | Dr. Priyanka Singh A-102, M.Town/Kharar | 500/- |
| 38. | Prof. Harbhajan Singh # 428, Sec-44A | 50,000/ |
| 39. | S. Jasdeep Singh # 171/Ph-6/Mohali | 20,000/- |
| 40. | S. Nirmal Singh Malhi # 1834, Sec34D | 3,000/ |
| 41. | All Indian Sikh Federation(Regd.) N.Delhi | 21,000/- |
| 42. | S. Suraj Parkash Singh # 541/Ph-3BI | 7,500/- |
| 43. | S. Paramjit Singh # 153/Ph-3BI/Mohali | 7,500/- |
| 44. | Bibi Parminder Kaur #416/Ph3BI/Mohali | 22,000/- |
| 45. | Maj. Joginder Singh # 1546,33D/Chd | 50,000/- |
| 46. | Col. H.S Uppal #306/Sec 33A/Chd | 40,000/- |
| 47. | Sh. Anish Sharma #1487/Sec49B, Chd | 11,000/- |
| 48. | Bibi Harbans Kaur #1443/Sec. 34C/Chd | 2,500/- |
| 49. | Bibi Daljit Kaur Oberoi #278/Sec. 33A | 2,000/ |
| 50. | S. Mohinder Singh # 3411/ Sec49D/ Chd | 500/- |
| 51. | S.Birinder Singh #6A/Sunny Enclave | 500/- |
| 52. | S. Jasmeet Singh New Delhi | 5,000/- |
| 53. | Jolly/Mundi Kharar | 100/- |
| 54. | Satkar Properties / Mundi Kharar | 500/- |
| 55. | S. Amarjit Singh/Mundi Kharar | 100/- |
| 56. | Bibi Gurnoor Kaur/Mundi Kharar | 100/- |
| 57. | S. Jagjit Singh/Mundi Kharar | 100/ |
| 58. | S. Rakshpal Singh/Mundi Kharar | 100/ |
| 59. | S. Amarjit Singh Chadha/Mundi Kharar | 100/ |
| 60. | S. Baldev Singh # 3411/ Sec.-49D/ Chd | 500/- |
| 61. | Bibi Manjit Kaur Bindra # 1655/ Sec.34D | 2,000/- |
| 62. | S. Satnam Singh # 1026/ Sec.-44B/Chd | 6,000/ |
| 63. | Ved Parkash Ji #401/Phase - 3BI/Mohali | 500/- |
| 64. | Pr. Jagjit Singh #25/Phase - 7/Mohali | 1,000/- |
| 65. | S. H.S. Sandhu C/O S. Mohinder Singh # 3411/Sec. 49D/Chd | 1,100/- |
| 66. | Bibi Rajleen Kaur #836/Phase II/Mohali | 500/- |
| 67. | Bibi. Harleen Kaur Sarna Naya Goan, Mohali | 500/- |
| 68. | S.Kuldeep Singh Bibi Rajleen KaurPh2Mohali | 15,000/- |
| 69. | Bibi Harpreet Kaur #461/Sec 44A/Chd | 500/- |
| 70. | S. Harsharnpal Singh Bhatia#461/44A | 500/- |
| 71. | Bibi Gurdeep Kaur #461/Sec 44A/Chd | 500/- |
| 72. | Vijay Kumar # 101/Ram Darbar/Ph-I/Chd. | 100/- |
| 73. | S. Sarbjit Singh C/O Dr. Prabhjot Kaur #4125/Sec.- 68/Chd | 5,000/ |
| 74. | S. Hari Singh #307/Sec.- 35A/Chd | 15,000/- |
| 75. | Maj S.S. Sahi #1856/Sec.- 34D/Chd | 10,000/- |
| 76. | S. Amardeep Singh Sandhu S/O S. G.S. Sandhu# 710, Sec.-49A/Chd | 15,000/- |
| 77. | S. A.S. Oberoi, Hyderabad | 1,00,000/- |
| 78. | Bhai Hardeep Singh | 17,000/ |
| 79. | S. M.S. Mongia #1734/Ph- 7/Mohali | 1,000/- |
| 80. | S. Tarundeep Singh #3307/Sec.- 19D | 20,000/- |
| 81. | Sewak Charitable Trust(Regd.) | 1,00,000/- |
| 82. | Dr. Saranjit Singh #2817/Ph 7/Mohali | 2,000/- |
| 83. | Bibi Baljit Kaur Sidhartha Enc./N.Delhi | 10,000/- |
| 84. | S. Jasjit Singh # 70A/SBP Home/Kharar | 200/- |
| 85. | S. Jagteshwar Singh (H.U.F) Sec.-69 | 15,000/- |
| 86. | S. B.M. Singh #416/Sec.- 44A/Chd | 1,000/- |
| 87. | S. Devinder Singh # 261, Sector-45A | 5,000/ |
| 88. | Bibi Surinderjit Kaur #22/Mari Gold Enclave | 1000/- |
| 89. | Dr. Satwant Singh Aastha Enclave/Kharar | 500/- |
| 90. | S. Narinderjit Singh Bagga # 215, Sec-40A | 11,000/ |
| 91. | S. Naurata Singh Rangi # 1291, Sec-34 | 2,500/- |

# ਗੁਰਮਤਿ ਪ੍ਰਸਾਰ ਮੈਡੀਕਲ ਸੇਵਾ ਸੈਂਟਰ

## ਐਸੋਸੀਏਟਸ: ਸੇਵਕਸ ਚੈਰੀਟੇਬਲ ਟ੍ਰੱਸਟ (ਰਜਿ.) ਚੰਡੀਗੜ੍ਹ

HELP NEEDY

ਸੋਸਾਇਟੀ ਵਲੋਂ ਚਲਾਏ ਜਾ ਰਹੇ ਮੈਡੀਕਲ ਸੇਵਾ ਸੈਂਟਰ ਵਿਚ ਦਿਤੀਆਂ ਜਾ ਰਹੀਆਂ ਸੇਵਾਵਾਂ ਦਾ ਸੰਗਤਾਂ ਭਰਵਾਂ ਲਾਭ ਉਠਾ ਰਹੀਆਂ ਹਨ। ਮਾਰਚ ਮਹੀਨੇ ਦੇ ਅੰਕੜੇ ਇਸ ਪ੍ਰਕਾਰ ਹਨ।

| | Name of Deptt. | No. of Patients | | |
|---|---|---|---|---|
| | | New | Old | Total |
| 1. | General Medical | 84 | 155 | 239 |
| 2 | Eye | 20 | 31 | 51 |
| 3 | Cardiology | 09 | 62 | 71 |
| 4 | Dental | 35 | 74 | 109 |
| 5 | Gynaecology | 19 | 26 | 45 |
| 6 | Homoeopathy | 38 | 243 | 281 |
| 7 | Physiotherapy | 17 | 71 | 88 |
| 8. | General Child | 06 | 03 | 09 |
| | Total | 228 | 665 | 893 |
| | Laboratory | 75 | - | 75 |

## ਅਪੀਲ

ਅਕਾਲ ਪੁਰਖ ਦੀ ਅਪਾਰ ਕਿਰਪਾ ਅਤੇ ਸੰਗਤਾਂ ਦੇ ਸਹਿਯੋਗ ਨਾਲ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਰਾਹੀ ਅਰੰਭੀਆਂ ਸੇਵਾਵਾਂ (ਮੈਡੀਕਲ ਅਤੇ ਐਜੂਕੇਸ਼ਨਲ) ਸਫਲਤਾ ਸਹਿਤ ਨਿਭਾਈਆਂ ਜਾ ਰਹੀਆਂ ਹਨ । ਇਨਾਂ ਸੇਵਾਵਾਂ ਨੂੰ ਵਧੇਰੇ ਵਿਕਸਿਤ ਕਰਨ ਲਈ ਲੋੜੀਂਦੇ ਯਤਨ ਕੀਤੇ ਜਾ ਰਹੇ ਹਨ । ਹਾਲ ਹੀ ਵਿੱਚ ਮੈਡੀਕਲ ਸੈਂਟਰ ਵਿੱਚ ਇੱਕ ਫਿਜਿਓਥਰੈਪੀ ਵਿੰਗ ਵੀ ਖੋਲ ਦਿੱਤਾ ਗਿਆ ਹੈ।

ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟੀਚਿਊਟ ਵਿੱਚ ਇਸ ਸਮੇਂ ਤਕਰੀਬਨ 30 ਬੱਚੇ ਵਿਦਿਆ ਪ੍ਰਾਪਤ ਕਰ ਰਹੇ ਹਨ । ਅਗਲੇ ਸਾਲ ਬੱਚਿਆਂ ਦੀ ਗਿਣਤੀ 45 ਤੱਕ ਹੋਣ ਦੀ ਆਸ ਹੈ । ਇਨ੍ਹਾਂ ਬੱਚਿਆਂ ਦੀ ਰਿਹਾਇਸ਼ ਲਈ ਗੁਰਮਤਿ ਪ੍ਰਸਾਰ ਭਵਨ ਦੀ ਦੂਸਰੀ ਮੰਜਿਲ ਤੇ ਉਸਾਰੀ ਆਰੰਭ ਕੀਤੀ ਗਈ ਹੈ ਜਿਸ ਤੇ ਤਕਰੀਬਨ 35 ਲੱਖ ਰੁਪੈ ਦੀ ਲਾਗਤ ਦਾ ਅਨੁਮਾਨ ਹੈ । ਇਹ ਉਸਾਰੀ ਹਰ ਹਾਲਤ ਵਿੱਚ ਮਈ, 2016 ਦੇ ਅੰਤ ਤੱਕ ਪੂਰੀ ਹੋਣੀ ਚਾਹੀਦੀ ਹੈ । ਇਸ ਲਈ ਸਮੂੰਹ ਸੰਗਤ ਨੂੰ ਆਪਣੇ ਦਸਵੰਧ ਚੋਂ ਵੱਧ ਤੋਂ ਵੱਧ ਯੋਗਦਾਨ ਪਾਣ ਲਈ ਸਨਿਮਰ ਬੇਨਤੀ ਹੈ । ਸੋਸਾਇਟੀ ਨੂੰ ਭੇਜੀ ਗਈ ਮਾਇਆ ਤੇ Income Tax ਦੀ ਧਾਰਾ 80-G ਦੇ ਅੰਤਰਗਤ ਛੋਟ ਉਪਲਬਧ ਹੈ ।

(ਜਨਰਲ ਸਕੱਤਰ)

**ਬੇਨਤੀ**

ਆਪਣੇ ਦਸਵੰਧ ਵਿੱਚੋਂ ਵੱਧ ਤੋਂ ਵੱਧ ਮਾਇਆ ਸੋਸਾਇਟੀ ਦੇ ਕਾਰਜਾਂ ਲਈ ਭੇਜ ਕੇ ਗੁਰਮਤਿ ਪ੍ਰਸਾਰ ਵਿੱਚ ਯੋਗਦਾਨ ਪਾਓ ਤੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ। ਮਾਇਆ ਚੈੱਕ ਰਾਹੀਂ ਵੀ ਭੇਜੀ ਜਾ ਸਕਦੀ ਹੈ। ਸੋਸਾਇਟੀ ਦਾ SB A/c No.07111000004108, IFS Code: PSIB0000711 PAN No. AAATG4268N ਪੰਜਾਬ ਐਂਡ ਸਿੰਧ ਬੈਂਕ, ਸੈਕਟਰ 36, ਚੰਡੀਗੜ੍ਹ ਵਿਖੇ ਹੈ ਜੀ। ਸੋਸਾਇਟੀ ਨੂੰ ਭੇਜੀ ਗਈ ਮਾਇਆ ਤੇ Income Tax ਦੀ ਧਾਰਾ 80-G ਦੇ ਅੰਤਰਗਤ ਛੋਟ ਉਪਲਬਧ ਹੈ।